
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਗੁਰਦਵਾਰਾ ਕਤਲਗੜ੍ਹ, ਚਮਕੌਰ ਸਾਹਿਬ



ਜਨਵਰੀ ੧੯੭੭

January 1977

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦–੬੮-੨੧ ( ਮਿਤੀ-੧੭-੧੦-੬੮ ਅ. ਪ. ) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ

| | | |
|---|---|---|
| ਤਿਸੈ ਮਿਲੈ ਸੰਤ ਖਾਕੁ | ਰਾਮਕਲੀ ਕੀ ਵਾਰ ਮਹਲਾ ੫ | ੧ |
| ਗੁਰਬਾਣੀ ਵੀਚਾਰ—ਬਿਨੁ ਗੁਰ ਬਾਜੀ ਹਾਰੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਗੁਰਮੁਖਾਂ ਦੇ ਦੁਆਲੇ ਚੌਕੀ (੩) | ,, ,, ,, ,, | ੪ |
| ਦਸਮੇਸ਼ ਉਸਤਤਿ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੭ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੮ |
| ਕੀ ਸਿੰਘਣੀਆਂ ਖੰਡੇ ਬਾਟੇ ਦੇ ਅੰਮ੍ਰਿਤ ਦੀਆਂ ਅਧਿਕਾਰੀ ਨਹੀਂ ? | ਬੀਬੀ ਹਰਸ਼ਰਨ ਕੌਰ ਜੀ | ੧੨ |
| ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਨਿਵਾਸੀ | ਸਾਰੰਗ ਜੀ, ਕਪੂਰਥਲਾ | ੧੫ |
| ਬੀਬੀ ਭਾਨੀ ਜੀ | ਸ: ਵਰਿਆਮ ਸਿੰਘ ਜੀ | ੧੯ |
| ਸ੍ਰੀ ਗੁਰੂ ਗ੍ਰੰਥ ਸਾਹਿਬ : ਪਦ-ਛੇਦ ਸਰੂਪ | ਸ: ਮਨਮੋਹਨ ਸਿੰਘ ਜੀ M. Sc. | ੨੨ |
| ਨਾਮ—ਭਗਤੀ | ਭਾਈ ਜੋਗਿੰਦਰ ਸਿੰਘ ਜੀ | ੨੫ |
| "ਦਸਮ ਗ੍ਰੰਥ ਨਿਰਣੈ" ਪੁਸਤਕਾਂ ਦੇ ਉਟੰਕਣਾਂ ਦੀ ਸੋਧ ਪ੍ਰਬੋਧ | ਗਿਆਨੀ ਮਹਾਂ ਸਿੰਘ ਜੀ | ੨੮ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੩੫ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ | ——— | ੩੭ |
| ਨਸ-ਬੰਦੀ ਬਾਰੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਮਤਾ | ——— | ੩੮ |
| ਬਾਬਾ ਸੰਤਾ ਸਿੰਘ ਜੀ ਦੇ ਫ਼ੈਸਲੇ ਵਿਚ ਇਤਰਾਜ਼ ਯੋਗ ਨੁਕਤੇ | ਗਿਆਨੀ ਊਧਮ ਸਿੰਘ ਜੀ | ੩੯ |

**ਸੋਧ ਲਵੋ**—ਪੰਨਾ ੫, ਕਾਲਮ ਦੂਜਾ, ਸਤਰ ੭ ਖੇਜ ਹਿੰਦੀ ਸ਼ਬਦਾਂ ਦੀ ਥਾਂ ਖੋਜ ਪੰਜਾਬੀ ਪੜ੍ਹੋ।
ਪੰਨਾ ੮, ਹੇਠੋਂ ਸਤਰ ੬ ਦੇ ਅਰੰਭਲੇ ਸ਼ਬਦ 'ਪਦਾਰਥ' ਨੂੰ ਉਪਰਲੀ ਸਤਰ ਦੇ ਅਰੰਭ ਵਿਚ ਪੜ੍ਹੋ।


## *ਬਾਊ ਮਲ ਸਿੰਘ ਜੀ ਦੀ ਸਿਹਤ*

ਕਤਕ ਪੂਰਨਮਾਸ਼ੀ ਜਲੰਧਰ ਸਮਾਗਮ ਤੋਂ ਹੀ ਮਾਨਯਵਰ ਬਾਊ ਮਲ ਸਿੰਘ ਜੀ ਦੀ ਸਿਹਤ ਕਾਫ਼ੀ DOWN (ਹੇਠਾਂ) ਜਾ ਰਹੀ ਹੈ, ਪਰ ਹੁਣ ਪਹਿਲੇ ਨਾਲੋਂ ਕੁਝ ਚੰਗੀ ਹੈ। ਆਪ ਜੀ ਦੀ ਚੜ੍ਹਦੀ ਕਲਾ ਅਤੇ ਦੇਹ ਅਰੋਗਤਾ ਲਈ 83, ਅਜੀਤ ਨਗਰ ਸ੍ਰੀ ਅੰਮ੍ਰਿਤਸਰ ਵਿਖੇ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਮਿਤੀ ੯ ਦਸੰਬਰ ੧੯੭੬ ਨੂੰ ਸ੍ਰੀ ਅਖੰਡਪਾਠ ਦੇ ਭੋਗ ਪਾਏ ਅਤੇ ਸਤਿਗੁਰੂ ਪਾਤਸ਼ਾਹ ਅਗੇ ਆਪ ਜੀ ਦੀ ਦੇਹ ਅਰੋਗਤਾ ਲਈ ਜੋਦੜੀਆਂ ਕੀਤੀਆਂ। ਬਿਨੈ ਹੈ ਕਿ ਪ੍ਰੇਮੀ ਅਤੇ ਹਿਤੂ ਗੁਰਮੁਖ ਪਿਆਰੇ ਮਾਨਯਵਰ ਬਾਊ ਜੀ ਦੀ ਸਿਹਤ ਲਈ ਅਰਦਾਸਾਂ ਕਰਨ। ਬਾਊ ਜੀ ਦੀ ਇਹੋ ਜਾਚਨਾ ਹੈ ਕਿ ਸੰਗਤਾਂ ਦੀ ਸੇਵਾ ਵਿਚ ਉਨ੍ਹਾਂ ਦਾ ਹਰ ਸਵਾਸ ਬਤੀਤ ਹੋਵੇ ਅਤੇ ਇਉਂ ਹੀ ਤੋੜ ਨਿਭ ਜਾਵੇ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ, ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧.੭੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮–੦੦

ਪਰਦੇਸ ੧੮–੫੦

ਹਵਾਈ ਰੇਟ ਵੱਖ ਵੱਖ

ਇਕ ਪਰਚਾ ੦–੭੫



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ ਜਨਵਰੀ ੧੯੭੭ ਅੰਕ ੧


## ਤਿਸੈ ਮਿਲੈ ਸੰਤ ਖਾਕੁ

ਜੋ ਰਤੇ ਦੀਦਾਰ ਸੇਈ ਸਚੁ ਹਾਕੁ ॥
ਜਿਨੀ ਜਾਤਾ ਖਸਮੁ ਕਿਉ ਲਭੈ ਤਿਨਾ ਖਾਕੁ ॥
ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥
ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ ॥
ਜਿਸਹਿ ਦਿਖਾਲੇ ਮਹਲੁ ਤਿਸੁ ਨ ਮਿਲੈ ਧਾਕੁ ॥
ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ ॥
ਨਉਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ ॥
ਤਿਸੈ ਮਿਲੈ ਸੰਤ ਖਾਕੁ ਮਸਤਕਿ ਜਿਸੈ ਭਾਗੁ ॥੫॥

[ਰਾਮਕਲੀ ਕੀ ਵਾਰ ਮ: ੫–੯੫੯

ਰਤੇ ਦੀਦਾਰ = ਦਰਸ਼ਨਾਂ ਵਿਚ ਰੰਗੇ ਪਏ ਹਨ ।
ਸਚੁ ਹਾਕੁ = ਸਚ (ਨਾਮ) ਨੂੰ ਜਪਦੇ ਹਨ ।
ਖਾਕੁ = ਚਰਨਾਂ ਦੀ ਧੂੜ ।
ਪਾਕੁ = ਪਵਿਤਰ ।
ਭਰਮ ਤਾਕੁ = ਭਰਮਾਂ ਦਾ ਦਰਵਾਜ਼ਾ ।
ਮਹਲੁ = ਵਾਹਿਗੁਰੂ ਦਾ ਨਿਵਾਸ । ਧਾਕੁ = ਧੱਕਾ ।
ਬਿੰਦਕ ਨਦਰਿ = ਰਤਾ ਜਿੰਨੀ ਮਿਹਰ ਦੀ ਦ੍ਰਿਸ਼ਟੀ ।
ਝਾਕੁ = ਜੇ ਦੇਖ ਲਵੇ ।
ਨਉਨਿਧਿ ਨਾਮੁ ਨਿਧਾਨੁ = ਨਉਨਿਧੀ ਨਾਮ ਦਾ ਖ਼ਜ਼ਾਨਾ ।


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮਿਤ੍ਰਸਰ


www.AKJ.Org

# ਗੁਰਬਾਣੀ-ਵੀਚਾਰ

## *ਬਿਨੁ ਗੁਰ ਬਾਜੀ ਹਾਰੀ*

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥
ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥
ਦੁਰਮਤਿ ਮੇਟਿ ਬੁਧਿ ਪ੍ਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥

[ਗੂਜਰੀ ਮਹਲਾ ੫, ਪੰਨਾ ੪੯੫

ਗੁਰੂ ਤੋਂ ਬਿਨਾਂ ਭਰਮ ਕਰਮ ਛੁਟਦੇ ਹੀ ਨਹੀਂ। ਮਨਮੁਖ ਭਰਮਾਂ ਕਰਮਾਂ ਵਿਚ ਪਿਆ ਹੀ ਜਨਮ ਬਰਬਾਦ ਕਰ ਦਿੰਦਾ ਹੈ। ਉਸ ਨੂੰ ਆਪੇ ਛੁਟਣ ਦੀ ਸੋਝੀ ਆਉਂਦੀ ਹੀ ਨਹੀਂ। ਛੁਟਣ ਦੀ ਸੋਝੀ ਆਉਂਦੀ ਹੈ ਤਾਂ ਗੁਰੂ ਦੁਆਰਿਓਂ। ਇਕੋ ਗੁਰੂ ਦਾ ਬਣ ਕੇ ਹੀ ਆਉਂਦੀ ਹੈ। ਬਸ, ਪੂਜਾ ਤਿਲਕ ਜੰਞੂ ਆਦਿ ਕਰਮ ਕਾਂਡ ਕਿਰਿਆਚਾਰ ਵਿਚ ਅਤੇ ਖਟ ਕਰਮਾਂ ਵਿਚ ਹੀ ਸੰਸਾਰੀ ਪੁਰਖ ਲਗ ਕੇ ਲਥ ਪਥ ਹੋਇ ਰਹਿੰਦੇ ਹਨ। ਇਹਨਾਂ ਕਿਰਿਆਚਾਰੀ ਖਟ ਕਰਮਾਂ ਦੇ ਕਰਨ ਕਰਿ ਅੰਦਰਲੀ ਹਉਮੈ ਦੀ ਮੈਲ ਨਹੀਂ ਉਤਰਦੀ। ਸਤਿਗੁਰੂ ਬਿਨਾਂ ਮਨੁੱਖਾ ਜਨਮ ਦੀ ਬਾਰੀ ਵਾਲੀ ਬਾਜ਼ੀ ਹਾਰ ਕੇ ਬਿਰਥੀ ਹੀ ਆਰਜਾ ਗੰਵਾ ਲੈਂਦੇ ਹਨ।

ਗੁਰੂ ਕਰਤਾਰ ਹੀ ਕਿਰਪਾ ਧਾਰ ਕੇ ਰਖ ਲਵੇ ਤਾਂ ਰਖ ਲਏ, ਨਹੀਂ ਤਾਂ ਬਿਨਾਂ ਕਰਤਾਰ ਥਾਂ ਹੀ ਹੋਰ ਕੋਈ ਨਹੀਂ। ਕਰੋੜਾਂ ਵਿਚੋਂ ਕੋਟੀ ਵਿਰਲਾ ਹੀ ਗੁਰੂ ਕਰਤਾਰ ਦਾ ਭਗਤ ਸੇਵਕ ਸਿਖ ਬਣਦਾ ਹੈ, ਨਹੀਂ ਤਾਂ ਹੋਰ ਸਗਲੇ ਬਿਉਹਾਰੀ ਸੰਸਾਰੀ ਪੁਰਸ਼, ਸੁਆਰਥੀ ਬਿਉਹਾਰੀ, ਨਿਰੇ ਕੰਮ-ਕੱਢੂ ਸਉਦੇਬਾਜ਼ ਹੀ ਹੁੰਦੇ ਹਨ। ਸਾਰੇ ਇਕੋ ਮਾਇਆ ਦੇ ਵਹਿਣ ਵਿਚ ਹੀ ਰੁੜ੍ਹੇ ਜਾਂਦੇ ਹਨ, ਸਾਰੇ ਮਾਇਆ ਦੇ ਸਉਦੇ ਦੇ ਬਿਉਪਾਰ ਵਾਲੀ ਹੀ ਲਿੱਲ ਵਿਚ ਲਗੇ ਹੋਏ ਹਨ।

ਸ਼ਾਸਤਰ, ਬੇਦ ਅਤੇ ਸਿਮਰਤ ਆਦਿ ਪੁਸਤਕ ਸਾਰੇ ਸੋਧ ਸਾਧ ਕੇ ਦੇਖ ਲਏ ਹਨ। ਇਹ ਸਾਰੇ ਆਨ-ਮਤ ਪੁਸਤਕ ਸ਼ਾਸਤਰ ਬੇਦ ਆਦਿਕ ਅਤੇ ਇਨ੍ਹਾਂ ਦੇ ਘੋਖਣ ਵੀਚਾਰਨ-ਹਾਰੇ ਇਕੋ ਮਾਇਆ ਦੀ ਲਿੱਲ ਵਾਲੀ ਇਕੋ ਗੱਲ ਹੀ (ਭੁਖੇ ਦੇ ਟੁਕ ਮੰਗਣ ਵਾਂਗ) ਮੁਖੋਂ ਪੁਕਾਰਦੇ ਹਨ। ਸਾਰੇ ਸਿਮਰਤ ਸਾਸਤਰ ਬੇਦ ਇਕ-ਸਾਰ ਹੀ ਇਸੇ ਮਾਇਆ-ਵਿਉਪਾਰ ਦੀ ਪੁਕਾਰ ਵਾਲੀ ਬਾਤ ਹੀ ਪੁਕਾਰਦੇ ਹਨ। ਕਿਸੇ ਨੂੰ ਵੀ ਪ੍ਰਮਾਰਥ ਦੇ ਪਾਸੇ ਦੀ ਸੋਝੀ ਨਹੀਂ। ਹੈ ਤਾਂ ਕੇਵਲ ਗੁਰੂ ਪੂਰੇ ਸਤਿਗੁਰੂ ਨਾਨਕ ਨੂੰ ਹੀ ਹੈ ਅਤੇ ਗੁਰੂ ਨਾਨਕ ਦੇ ਘਰ ਨੂੰ ਹੀ ਹੈ। ਬਿਨਾਂ ਗੁਰੂ ਅਤੇ ਗੁਰੂ ਘਰ ਤੋਂ ਮੁਕਤੀ ਕਿਸੇ ਨੂੰ ਪ੍ਰਾਪਤਿ ਨਹੀਂ ਹੁੰਦੀ। ਨਿਗੁਰਿਆਂ ਨੂੰ ਤਾਂ ਉੱਕਾ ਹੀ ਮੁਕਤੀ ਨਹੀਂ ਮਿਲਦੀ।



www.AKJ.Org

ਨਾ ਮਿਲਣੀ ਹੈ। ਨਾ ਮਿਲੇਗੀ। ਕੋਈ ਭੀ ਆਨਮਤੀ ਬੇਦਾਚਾਰੀ ਸ਼ਾਸਤ੍ਰ-ਧਾਰੀ ਸਿਮ੍ਰਿਤਿ-ਘੋਖਾਰੀ ਪੁਰਸ਼ ਮੁਕਤੀ ਨੂੰ ਪ੍ਰਾਪਤ ਨਹੀਂ ਹੋਵੇਗਾ। ਹੋਵੇਗਾ ਤਾਂ ਗੁਰੂ ਕਾ ਵਰੋਸਾਇਆ ਵਡਭਾਗਾ ਗੁਰਮੁਖ ਜਨ ਹੀ ਹੋਵੇਗਾ। ਨਿਗੁਰੇ ਮੁਕਤੀ ਤੋਂ ਵਾਂਜੇ ਬੇਦ-ਪਾਠੀਆਂ ਆਦਿ ਨੂੰ ਮੁਕਤੀ ਦੀ ਕੀ ਸਾਰ, ਓਹ ਤਾਂ ਮੁਕਤੀ ਦੀ ਗਤੀ ਹੀ ਨਹੀਂ ਜਾਣਦੇ। ਉਹਨਾਂ ਨੂੰ ਤਾਂ ਨਾ ਗੁਰੂ ਦੀ ਸੂਝ ਹੈ ਨਾ ਮੁਕਤੀ ਦੀ ਸਾਰ। ਤਾਂਤੇ ਇਹ ਅਰਥ ਉੱਕੇ ਹੀ ਮੂਲੋਂ ਹੀ ਗ਼ਲਤ ਹਨ (ਜੋ ਕਈ ਅਗਿਆਨੀ ਲੋਕ ਕਰਿਆ ਕਰਦੇ ਹਨ) ਕਿ ਸਿਮ੍ਰਿਤਿ ਸਾਸਤ ਬੇਦ ਆਦਿਕ ਪੁਕਾਰ ਪੁਕਾਰ ਇਹ ਗੱਲ ਕਹਿੰਦੇ ਹਨ ਕਿ ਗੁਰੂ ਬਿਨਾਂ ਮੁਕਤੀ ਨਹੀਂ ਮਿਲਦੀ। ਇਹਨਾਂ ਨੂੰ ਤਾਂ ਮੁਕਤੀ ਮਿਲੀ ਹੀ ਨਹਾਂ। ਮੁਕਤੀ ਇਹਨਾਂ ਨੂੰ ਪ੍ਰਾਪਤ ਹੀ ਨਹੀਂ ਹੋਈ। ਉਹਨਾਂ ਨੂੰ ਕੀ ਥਹੁ ਪਤਾ ਮੁਕਤੀ ਦਾ, ਅਤੇ ਇਸ ਗੱਲ ਦਾ ਕਿ ਗੁਰੂ ਬਾਝੋਂ ਮੁਕਤੀ ਨਹੀਂ ਮਿਲਣੀ। ਉਹ ਤਾਂ ਖ਼ੁਦ ਨਿਗੁਰੇ ਹਨ। ਤਿਨ੍ਹਾਂ ਮੁਕਤੀ ਸੂਨ ਆਨਮਤ ਪੁਠੜੇ ਬੇਦਾਚਾਰੀ-ਕਰਮੀਆਂ ਨੂੰ ਤਾਂ ਗੁਰੂ ਸਾਹਿਬ ਨੇ ਵੰਗਾਰ ਕੇ ਆਖਿਆ ਪੁਛਿਆ ਹੈ ਕਿ ਆਪਣੀ ਬੁਕਲ ਵਿਚ ਮੂੰਹ ਪਾ ਕੇ ਵੇਖਹੁ। ਆਪਣੇ ਹਿਰਦੇ ਵਿਚ ਕੰਘੀ ਮਾਰ ਕੇ ਦੇਖੋ ਕਿ ਉਹਨਾਂ ਨੂੰ ਕੈਸੀ ਮੁਕਤੀ ਪ੍ਰਾਪਤ ਹੋਈ ਹੈ। ਹੋਈ ਹੀ ਨਹੀਂ, ਹੋਣੀ ਕਿਥੋਂ ਸੀ। ਐ ਬੇਦਾਚਾਰੀਓ! ਬੇਦ-ਕਰਮ-ਚਾਰੀਓ! ਸਿਮ੍ਰਿਤ ਸਾਸਤ ਬੇਦ ਘੋਖੀਓ! ਤੁਹਾਨੂੰ ਗੁਰੂ ਬਿਨਾਂ ਮੁਕਤੀ ਕਦੇ ਭੀ ਪ੍ਰਾਪਤ ਨਹੀਂ ਹੋਣੀ। ਆਪਣੇ ਆਪ ਹੀ ਸ਼ਾਹਦੇ ਹਾਲ ਹੋ ਕੇ ਦੇਖੋ।

ਹਿੰਦੂ ਆਨਮਤੀਆਂ ਦੇ ਅਠਸਠ (ਅਠਾਹਠ) ਤੀਰਥਾਂ ਵਿਚ ਮਜਨ ਇਸ਼ਨਾਨ ਆਦਿ ਕਰਮ ਕੀਤਿਆਂ ਭੀ ਕੁਛ ਨਹੀਂ ਬਣਦਾ। ਅਤੇ ਸਾਰੀ ਸ੍ਰਿਸ਼ਟੀ ਤੇ ਭ੍ਰਮ ਭ੍ਰਮ ਕੇ ਪਰਮਾਰਥ ਦੀ ਦਉੜ ਕਰਨਹਾਰਿਆਂ ਨੂੰ ਭੀ ਕੱਖ ਮਾਤ੍ਰ ਭੀ ਪਰਮਾਰਥ ਦੀ ਪ੍ਰਾਪਤੀ ਨਹੀਂ ਹੁੰਦੀ। ਦਿਨੇ ਰਾਤ ਉਦਕ-ਉਦਕਾਨੇ ਅਤੇ ਸੋਚਿ-ਇਸ਼ਨਾਨੇ ਹੋਇਆਂ ਭੀ ਕੁਛ ਨਹੀਂ ਸੌਰਦਾ। ਨਿਗੁਰਿਆਂ ਦੀ ਸੁਚ-ਕਿਰਿਆ ਭੀ ਐਸੀ ਹੈ ਜੈਸਾ ਮਜਨ ਝੂਠਾ ਚੰਡਾਲ ਦਾ ਹੈ। ਅਜਿਹੇ ਸੁਚਿਤਾ ਦੇ ਅਨੇਕ ਕਰਮ ਕੀਤੇ ਬਿਰਥਾ ਹੀ ਜਾਣਗੇ। ਸਤਿਗੁਰੂ ਬਿਨਾਂ ਇਸ ਅੰਧਿਆਰੀ ਕਿਰਿਆ ਤੇ ਅੰਧੇਰ ਅੰਨ੍ਹੇ ਖਾਤੇ ਵਿਚ ਡਿਗਣ ਦੀ ਦੁਰਦਸ਼ਾ ਵਿਚ ਪੈਣਗੇ।

ਸਾਰਾ ਜਗ ਧਾਇ ਧਾਇ ਕੇ ਅਤੇ ਸਾਰੇ ਟਕਰਾਂ ਮਾਰ ਕੇ ਹਾਰ ਕੇ ਸਤਿਗੁਰੂ ਦੀ ਸ਼ਰਨ ਜੋ ਪੁਰਸ਼ ਆਏ ਹਨ ਅਤੇ ਹਰਿ-ਦੁਆਰ ਦੇ ਵਾਸੀ ਭਏ ਹਨ, ਉਹਨਾਂ ਦੀ ਦੁਰਮਤਿ ਬੁਧੀ ਮਿਟ ਜਾਂਦੀ ਹੈ। ਅਤੇ ਦੁਰਮਤਿ ਬੁਧੀ ਮਿਟ ਕੇ ਉਹਨਾਂ ਦੇ ਅੰਦਰ ਸਚੀ ਗੁਰਮਤਿ-ਬੁਧੀ ਪ੍ਰਕਾਸ਼ਮਾਨ ਆਇ ਹੁੰਦੀ ਹੈ। ਇਹੀ ਗੁਰਮਤਿ-ਬੁਧੀ ਪ੍ਰਕਾਸ਼ਨੀ, ਵਾਹਿਗੁਰੂ ਦਰਸਾਵਨੀ ਬੁਧੀ, ਗੁਰੂ ਘਰ ਦੇ ਗੁਰਮੁਖਾਂ ਜਨਾਂ ਨੂੰ ਤਾਰਨ-ਹਾਰੀ ਹੈ।

['ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ

---

## ਟੋਰੈਂਟੋ (ਕੈਨੇਡਾ) ਵਿਖੇ ਗੁਰਬਾਣੀ, ਗੁਰਸਿਖੀ ਤੇ ਕੇਸਾਂ ਦੀ ਮਹੱਤਤਾ ਦਰਸਾਉਣ ਦਾ ਉਪਰਾਲਾ

ਕੈਨੇਡਾ ਆਦਿ ਦੇਸਾਂ ਵਿਚ ਗੁਰਸਿਖੀ ਨੂੰ ਸਖ਼ਤ ਢਾਹ ਲਗ ਰਹੀ ਹੈ ਅਤੇ ਉਥੇ ਜਾ ਕੇ ਬਹੁਤੇ ਸਿਖ ਕੇਸਾਂ ਦਾੜ੍ਹੀਆਂ ਤੋਂ ਰਹਿਤ ਹੋ ਕੇ ਪਤਿਤ ਨਜ਼ਰ ਆ ਰਹੇ ਹਨ। ਕੋਈ ਵਿਰਲਾ ਹੀ ਗੁਰੂ-ਦਰ ਦਾ ਪਿਆਰਾ ਸਾਬਤ ਸੂਰਤ ਵਿਚ ਕਾਇਮ ਹੈ ਅਤੇ ਕਲਜੁਗ ਦੇ ਇਨ੍ਹਾਂ ਭਿਆਨਕ ਝੋਲਿਆਂ ਤੋਂ ਬਚਿਆ ਹੋਇਆ ਹੈ। ਐਸੀ ਦਸ਼ਾ ਵਿਚ ਉਥੇ ਨਿਰਲੋਭ ਤੇ ਨਿਰਮਾਣ ਗੁਰੂ ਕੇ ਕੀਰਤਨੀਆਂ ਦੀ ਲੋੜ ਹੈ, ਜੋ ਗੁਰਸਿਖੀ ਨੂੰ ਇਸ ਲਗ ਰਹੀ ਢਾਹ ਤੋਂ ਸਾਵਧਾਨ ਕਰਨ ਅਤੇ ਮੁੜ ਉਨ੍ਹਾਂ ਭੁਲਿਆਂ ਹੋਇਆਂ ਨੂੰ ਗੁਰਸਿਖੀ ਸਰੂਪ ਵਿਚ ਲਿਆਉਣ ਲਈ ਪ੍ਰੇਰਨ।

ਭਾਈ ਸਾਹਿਬ ਜੀਵਨ ਸਿੰਘ ਜੀ ਟੋਰੈਂਟੋ ਵਿਚ ਜਿਥੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਨਾਲ ਪ੍ਰਾਣੀ ਮਾਤਰ ਨੂੰ ਸਰਸ਼ਾਰ ਕਰ ਰਹੇ ਹਨ ਉਥੇ ਗੁਰਸਿਖੀ ਰਹਿਤ ਅਤੇ ਕੇਸਾਂ ਦੀ ਮਹੱਤਤਾ ਆਦਿ ਲਈ ਪ੍ਰੇਰਨਾ ਦੇ ਰਹੇ ਹਨ।

ਸਤਿਗੁਰੂ ਮਿਹਰ ਕਰਨ ਅਤੇ ਭਾਈ ਸਾਹਿਬ ਜੀਵਨ ਸਿੰਘ ਰਾਹੀਂ ਹੋ ਰਹੇ ਇਸ ਉਪਰਾਲੇ ਵਿਚ ਆਪਣੀ ਬਰਕਤ ਪਾਵਣ, ਤਾਂ ਜੋ ਗੁਰਸਿਖੀ ਤੋਂ ਟੁਟੇ ਹੋਏ ਵੀਰ ਮੁੜ ਸਾਬਤ ਸੂਰਤ ਧਾਰਨ ਕਰਕੇ, ਸਹੀ ਅਰਥਾਂ ਵਿਚ ਗੁਰਸਿਖ ਬਣ ਕੇ ਪਰਦੇਸਾਂ ਵਿਚ ਸਤਿਗੁਰਾਂ ਦੇ ਨਾਂ ਨੂੰ ਉਜਾਗਰ ਕਰਨ। ਭਾਈ ਸਾਹਿਬ ਜੀਵਨ ਸਿੰਘ ਜੀ ਦਾ ਹੁਣ ਦਾ ਇਹ ਐਡਰੈਸ ਹੈ—C/o Sharomani Sikh Society, 269-Pape Avenue, Toronto, Canada

www.AKJ.Org

# ਗੁਰਮੁਖਾਂ ਦੇ ਦੁਆਲੇ ਚੌਕੀ (੩)

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

"ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥ ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥ ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥ ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹ ਪਸਾਰਾ ਆਗੈ ਸਾਥਿ ਨ ਜਾਈ ॥੩॥੧॥੪॥ [ਸੂਹੀ ਮ: ੪, ਪੰਨਾ ੭੭੫

ਵਿਆਖਿਆ : ਇਹ ਸੰਸਾਰ ਰੂਪੀ ਸਮੁੰਦਰ ਤਰਿਆ ਜਾਣਾ ਬੜਾ ਔਖਾ ਹੈ। ਮਨਮੁਖ ਸਾਕਤ ਆਪ-ਹੁਦਰਾ ਗੁਰੂ ਤੋਂ ਬੇਮੁਖ ਨਿਗੁਰਾ ਪ੍ਰਾਣੀ ਤਾਂ ਇਸ ਦੁਤਰ ਭੈ-ਸਾਗਰ-ਸੰਸਾਰ ਤੋਂ ਪਾਰ ਹੋ ਹੀ ਨਹੀਂ ਸਕਦਾ, ਕਿਉਂਕਿ ਉਸ ਦੇ ਹਿਰਦੇ ਅੰਦਰ ਹਉਮੈ ਕਾਮ ਕ੍ਰੋਧ ਅਤੇ ਚਤੁਰਾਈ ਕੁਟ ਕੁਟ ਕੇ ਭੰਰੀ ਹੁੰਦੀ ਹੈ। ਚਤੁਰਾਈ ਤਾਂ ਐਸੀ ਭਾਰੂ ਹੋ ਕੇ ਉਸ ਦੇ ਅੰਦਰ ਸਮਾਈ ਹੋਈ ਹੁੰਦੀ ਹੈ ਕਿ ਉਹ ਕਿਸੇ ਬਿਧਿ ਭੀ ਉਸ ਨੂੰ ਸੰਸਾਰ-ਸਮੁੰਦਰੋਂ ਪਾਰ ਨਹੀਂ ਹੋਣ ਦਿੰਦੀ। ਬਸ, ਮਨਮੁਖ ਪ੍ਰਾਣੀ ਦਾ ਸਾਰਾ ਜਨਮ ਹੀ ਬਿਰਥਾ (ਅਕਾਰਥ) ਜਾਂਦਾ ਹੈ। ਅਤੇ ਮਰ ਕੇ, ਅਗੇ ਜਾ ਕੇ ਜਮ ਦੇ ਮਾਰਗ ਵਿਖੇ ਬਹੁਤ ਦੁਖ ਪਾਉਂਦਾ ਹੈ, ਚੋਟਾਂ ਖਾਂਦਾ ਹੈ। ਅੰਤੀ ਸਮੇਂ ਮਰਨ ਲਗਿਆਂ ਉਹ ਪਛਤਾਉਂਦਾ ਹੈ ਅਤੇ ਅਗੇ ਗਇਆਂ ਭੀ ਪਛਤਾਉਂਦਾ ਹੈ, ਪਰ ਉਸ ਦਾ ਓਥੇ ਜਾ ਕੇ ਬੇਲੀ ਕੋਈ ਨਹੀਂ ਬਣਦਾ। ਪੁਤਰ, ਕਲੱਤਰ, ਕੁਟੰਬ, ਭਾਈ, ਬੰਧ ਉਥੇ ਉਸ ਦੇ ਸਹਾਈ ਨਹੀਂ ਹੋ ਸਕਦੇ। ਅਗੇ ਗਇਆਂ ਸਹਾਈ ਹੁੰਦਾ ਹੈ ਤਾਂ ਨਾਮ ਹੀ ਸਹਾਈ ਹੁੰਦਾ ਹੈ ਅਤੇ ਬੇਲੀ ਬਣਦਾ ਹੈ, ਸੋ ਉਸ ਨੇ ਸਾਰੀ ਉਮਰ ਜਪਿਆ ਨਹੀਂ। ਜਿਨ੍ਹਾਂ ਦੀ ਖ਼ਾਤਰ ਮਾਇਆ ਮੋਹ ਦੇ ਪਸਾਰੇ ਵਿਚ ਪੈ ਕੇ ਨਾਮ ਵਿਸਾਰ ਛਡਿਆ ਸੀ, ਉਹ ਅਗੇ ਸਾਥ ਨਹੀਂ ਜਾਂਦੇ। ਮਾਇਆ-ਮੋਹ ਦਾ ਪਸਾਰਾ ਵੀ ਐਥੇ ਦਾ ਐਥੇ ਹੀ ਰਹਿ ਜਾਂਦਾ ਹੈ। "ਹੇਖਾਂ, ਅੱਗਾ ਕੀਹਨੇ ਡਿੱਠਾ ਹੈ?" ਇਸ ਹੈਂਕੜ ਵਿਚ ਅੱਖਾਂ ਮੀਟ ਛਡਦਾ ਸੀ। ਦਿਸਦਾ ਜਗ ਮਿੱਠਾ ਦੇਖ ਕੇ ਮੱਖੀ ਦੀ ਨਿਆਈਂ ਪਚਿ ਪਚਿ ਮਰਦਾ ਰਿਹਾ। ਅਗੇ ਦਾ ਭੈ ਹੁੰਦਾ ਅਤੇ ਅਗੇ ਜਾ ਕੇ ਜਮ ਦੇ ਫੰਧੇ ਵਿਚ ਪੈਣ ਦਾ ਡਰ ਹੁੰਦਾ ਤਾਂ ਕਾਹਨੂੰ ਪਾਪ ਕਮਾਉਂਦਾ। ਨਾਮ ਸੰਮ੍ਹਾਲ ਕੇ ਆਪਣਾ ਜਨਮ ਤੇ ਸੰਵਾਰ ਲੈਂਦਾ, ਇਹ ਸਾਰੇ ਕਾਰੇ ਉਸ ਦੀ ਅਨ-ਗਹਿਲਤਾ ਦੇ ਹਨ। ਜਿਨ੍ਹਾਂ ਉਤੇ ਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ, ਉਹਨਾਂ ਨੂੰ ਅਗੇ ਜਾ ਕੇ ਭਉ ਪੈਂਦਾ ਹੈ ਅਤੇ ਉਹ ਭੈ-ਭੀਤ ਹੋ ਕੇ ਪਾਪ ਕਮਾਉਣੋਂ ਬਚੇ ਰਹਿੰਦੇ ਹਨ, ਭੈ-ਦੁਤਰੀ ਮਾਇਆ ਦੀ ਮਮਤਾ ਵਿਚ ਖੱਚਤ ਨਹੀਂ ਹੁੰਦੇ। ਇਸ ਪਰਕਾਰ ਪਰਮਾਰਥ ਸੰਵਾਰਨ ਲਈ ਨਿਮਰੀ ਭੂਤ ਹੋ ਕੇ ਬੇਨਤੀਆਂ ਕਰਦੇ ਹਨ, ਜੈਸਾ ਕਿ ਇਸ ਅਗਲੇ ਗੁਰਵਾਕ ਵਿਖੇ ਵਿਦਮਾਨ ਹੈ। ਯਥਾ ਗੁਰਵਾਕ :—

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ ਹਰਿ ਆਰਾਧੇ ਜਮੁ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥... ੧॥ ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਜਮ ਕੀ ਫਾਸੀ ਰਾਮ ॥ ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥ ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥

[ਸੂਹੀ ਛੰਤ ਮ: ੫—੭੮੦-੮੧

ਭੂਤ ਭਵਿਖ ਦੇ ਜਾਨਣਹਾਰੇ ਸਤਿਗੁਰੂ ਪੰਚਮ



www.AKJ.Org

ਪਾਤਸ਼ਾਹ ਨੇ ਇਹ ਗੁਰਵਾਕ ਕਲਜੁਗੀ ਜੀਵਾਂ ਦੀ ਗਤੀ ਦੇਖ ਕੇ, ਉਹਨਾਂ ਦੇ ਉਧਾਰ ਲਈ ਖ਼ੁਦ ਪ੍ਰਾਰਥਨਾ ਰੂਪ ਹੋ ਕੇ ਉਚਾਰਿਆ ਹੈ ਅਤੇ ਇਉਂ ਸੰਸਾਰੀ ਜੀਵਾਂ ਵਲੋਂ ਉਚਾਰਿਆ ਹੈ, ਨਾਲੇ ਸਚੀ ਸਿਫ਼ਾਰਸ਼ ਕੀਤੀ ਹੈ ਜੀਵ ਦੇ ਉਧਾਰ ਦੀ।

ਵਿਆਖਿਆ—ਹੇ ਵਾਹਿਗੁਰੂ ! ਮੇਰੇ ਸਚੇ ਪ੍ਰੀਤਮ ਸੁਆਮੀ ! ਐਸੀ ਕਿਰਪਾ ਕਰ ਕਿ ਨੇਤਰਾਂ ਕਰਕੇ ਤੇਰਾ ਦਰਸ਼ਨ ਸਦਾ ਹੀ ਦੇਖਦਾ ਰਹਾਂ (ਜਿਸ ਕਰਕੇ ਤੈਨੂੰ ਪਰਤੱਖ ਸਾਰੇ ਰਮਿਆ ਦੇਖ ਕੇ ਬੁਰੇ ਕੰਮਾਂ ਤੋਂ ਬਚਿਆ ਰਹਾ)। ਹੇ ਵਾਹਿਗੁਰੂ ! ਮੇਰੇ ਪਿਆਰੇ ! ਇਕ ਦੇ ਥਾਂਵ ਲਖ ਜੀਭਾਂ ਮੈਨੂੰ ਦੇਵੋ, ਜਿਸ ਕਰਕੇ ਉਹਨਾਂ ਲਖਾਂ ਜੀਭਾਂ ਦੁਆਰਾ ਤੇਰਾ ਨਾਮ ਮੈਂ ਜਪਾਂ ਅਤੇ ਸਾਰੀ ਉਮਰ ਜਪਦਾ ਹੀ ਰਹਾਂ, ਕਿਉਂਕਿ ਇਸ ਪਰਕਾਰ, ਕੇਵਲ ਇਸ ਪ੍ਰਕਾਰ ਹੀ ਵਾਹਿਗੁਰੂ ਅਰਾਧਨ ਕੀਤਆਂ ਹੀ ਅੱਗਾ ਸੰਵਾਰਿਆ ਜਾਂਦਾ ਹੈ ਅਤੇ ਅਗਲਾ ਜਮ-ਪੰਥ ਸਾਧਿਆ ਸੰਵਾਰਿਆ ਜਾਂਦਾ ਹੈ, ਕੋਈ ਦੁਖ ਨਹੀਂ ਵਿਆਪ ਸਕਦਾ। ਇਸ ਅਨਿੰਨ ਭਗਤੀ ਦਾ ਐਸਾ ਆਤਮ ਤੇ ਪਰਮਾਰਥੀ ਸਚਾ ਸੁਖੁ ਪ੍ਰਾਪਤਿ ਹੁੰਦਾ ਹੈ ਕਿ ਜਲ ਵਿਖੇ, ਥਲ ਵਿਖੇ, ਧਰਤੀ ਅਕਾਸ਼ ਵਿਖੇ, ਜਿਥੇ ਕਿਥੇ ਵੀ ਵੇਖਾਂ, ਹੇ ਵਾਹਿਗੁਰੂ ! ਤੂੰਹੀ ਤੂੰਹੀ ਦ੍ਰਿਸ਼ਟੀ ਆਵੇਂ। ਸਚਮੁਚ ਏਵੇਂ ਹੀ ਦ੍ਰਿਸ਼ਟੀ ਆਉਂਦਾ ਹੈ, ਉਪਰ ਦੱਸੀ ਅਨਿੰਨ ਭਗਤੀ ਕਮਾਇਆਂ। ਹੇ ਵਾਹਿਗੁਰੂ ! ਮੇਰੇ ਪ੍ਰੀਤਮਾ ! ਮੈਨੂੰ ਕ੍ਰੋੜਾਂ ਹੀ ਕੰਨ ਅਤੱ ਫੁਰਮਉ, ਭਾਵ ਕੰਨਾਂ ਦੇ ਦੇਣ ਦੀ ਦਾਤ ਬਖ਼ਸ਼, ਜਿਨ੍ਹਾਂ ਕਰਕੇ ਮੈਂ ਤੇਰੇ ਅਬਿਨਾਸ਼ੀ ਗੁਣ ਹੀ ਦਿਨੇ ਰਾਤ ਸਦ-ਸਦਾ ਸੁਣਾਂ ਤੇ ਸੁਣਦਾ ਰਹਾਂ। ਕਿਉਂਕਿ ਇਸ ਬਿਧਿ ਹਰਿ ਗੁਣ ਅਬਿਨਾਸ਼ੀ ਸੁਣਨ ਦਾ ਸਦਕਾ ਹੀ ਮਲੀਨ ਮਨ ਨਿਰਮਲ ਹੁੰਦਾ ਹੈ ਅਤੇ ਅਗੇ ਆਉਣ ਵਾਲੀ ਜਮ ਰੂਪੀ ਕਾਲ ਦੀ ਫਾਸੀ ਕੱਟੀ ਜਾਂਦੀ ਹੈ। ਬਸ, ਇਹ ਕੇਵਲ ਅਬਿਨਾਸ਼ੀ ਪ੍ਰਭੂ ਦਾ ਸਿਮਰਨ ਹੀ ਹੈ, ਜੋ ਜਮ-ਫਾਸੀ ਕਟਣ ਨੂੰ ਸਮਰਥ ਹੈ ਅਤੇ ਸ੍ਰੇਸ਼ਟ ਤੱਤ ਗੁਰਮਤਿ ਗਿਆਨ ਦਾ ਉਪਜਾਇਕ ਹੈ, ਜਿਸ ਕਰਕੇ ਅਨਿਕ ਪਰਕਾਰ ਦੀਆਂ ਮੰਗਲ-ਮਈ ਸਾਰੀਆਂ ਖ਼ੁਸ਼ੀਆਂ ਹੀ ਪ੍ਰਾਪਤ ਹੋ ਜਾਂਦੀਆਂ ਹਨ। ਤੱਤ ਗਿਆਨ-ਮਈ ਜੋਤਿ ਪ੍ਰਕਾਸ਼ਕ ਆਤਮ ਅਵਸਥਾ ਵਿਚ ਅਰੂੜ ਹੋ ਕੇ ਦਿਨ ਰਾਤ ਸਨਮੁਖ ਦਰਸ-ਪੇਖਾਗਰਾਂ ਨੂੰ ਸਦਾਂ ਸਿਮਰਨ ਪ੍ਰਾਪਤ ਹੁੰਦਾ ਹੈ, ਤ੍ਰੈਗੁਣੀ ਅਤੀਤ ਤੁਰੀਆਗੁਣੀ ਸਹਿਜ ਪਦ ਪ੍ਰਾਪਤ ਹੋ ਜਾਂਦਾ ਹੈ। ਤਿਤ ਸਹਿਜ ਪਦ ਵਿਖੇ ਹੀ ਧਿਆਨ ਅੰਤਰ ਹੁਇ ਪਰਮਾਤਮਾ ਵਿਖੇ ਜੁੜ ਜਾਈਦਾ ਹੈ। ਇਥੇ ਧਿਆਤ੍ਰਾ, ਧਿਆਨ, ਧ੍ਯੇਯ ਇਕੋ ਹੀ ਹੋ ਜਾਂਦੇ ਹਨ। ਐਨ ਐਸੀ ਅਵਸਥਾ ਹੀ ਅਗਲੇ ਗੁਰਵਾਕ ਵਿਖੇ ਵਰਨਣ ਹੈ :—

"ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ
ਨਾਮੁ ਨਿਵਾਸੀ ਰਾਮ ॥ ਸੰਤ ਭਗਤ
ਹਰਿਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ
ਰਾਮ ॥ ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ
ਹਰਿ ਹਰਿ ਨਾਮੁ ਧਿਆਏ ॥ ਸਗਲ ਸਮਗ੍ਰੀ
ਪੂਰਨ ਹੋਈ ਮਨ ਇਛੇ ਫਲ ਪਾਏ ॥...੨॥੬॥੯॥
[ਸੂਹੀ ਮ: ੫—੭੮੩

ਵਿਆਖਿਆ :—ਜਿਥੇ ਜਿਥੇ ਭੀ ਬੈਠ ਕੇ ਗੁਰੂ ਘਰ ਦੇ ਸੰਤ ਭਗਤ ਵਾਹਿਗੁਰੂ ਅਰਾਧਨ-ਮਈ ਭਜਨ ਕਰਦੇ ਹਨ, ਉਹ ਸੰਤਾ ਭਗਤਾਂ ਦੇ ਨਿਵਾਸ-ਅਸਥਾਨ, ਘਰ ਮੰਦਰ ਅਤੇ ਨਿਕਟ-ਨਿਵਾਸੀ ਹਟ ਪਟਣ ਬਾਜ਼ਾਰ ਭੀ ਸੁਹਾਵਣੇ ਹੋ ਜਾਂਦੇ ਹਨ। ਤਿਨ੍ਹਾਂ ਸੰਤਾਂ ਭਗਤਾਂ ਦੇ ਘਟ ਰੂਪੀ ਘਰ ਮੰਦਰ ਅਤੇ ਤਨ ਰੂਪੀ ਹਟੜੀਆਂ ਤਾਂ ਸੁਹਾਵਣੀਆਂ ਹੋਣੀਆਂ ਹੀ ਹੋਈਆਂ। ਤਿਨ੍ਹਾਂ ਵਾਹਿਗੁਰੂ ਆਰਾਧਣ-ਹਾਰਿਆਂ ਦੇ ਸਭ ਟੋਲ ਸੁਹਾਵਣੇ ਹੋ ਜਾਂਦੇ ਹਨ। ਨਿਵਾਸ-ਅਸਥਾਨ, ਪੜੋਸ-ਅਸਥਾਨ ਭੀ ਸਗਲੇ ਸੁਹਾਵਣੇ ਹੋ ਜਾਂਦੇ ਹਨ। ਤਿਨ੍ਹਾਂ ਸੰਤਾਂ ਭਗਤਾਂ ਨਾਮ-ਅਰਾਧਨ-ਹਾਰਿਆਂ ਗੁਰਮੁਖ ਜਨਾਂ ਦੀ (ਅਗੇ ਆਉਣ ਵਾਲੀ) ਜਮਾਂ ਦੀ ਫੁਾਸੀ ਭੀ ਕਟੀ ਜਾਂਦੀ ਹੈ। ਦੂਜੀ ਵੇਰ ਫੇਰ ਮਹਾਰਾਜ ਜ਼ੋਰ ਦੇ ਕੇ ਦਸਦੇ ਹਨ, ਕਿ ਹਾਂ, ਜ਼ਰੂਰ ਹੀ ਇਹ ਜਮ-ਫਾਸੀ ਕਟ ਜਾਂਦੀ ਹੈ। ਪ੍ਰਭ-ਅਬਿਨਾਸ਼ੀ ਦੇ ਨਾਮ ਦੇ ਪ੍ਰਭਾਵ ਕਰਿ ਹੀ ਕਟ ਜਾਂਦੀ ਹੈ। ਜਿਸ ਦਾ ਨਾਮ ਆਰਾਧਨ ਕਰੀਦਾ ਹੈ, ਸੋਈ ਵਾਹਿਗੁਰੂ ਅਬਿਨਾਸ਼ੀ ਇਹ ਜਮ-ਫਾਸੀ ਆਪਣੇ ਸੰਤਾਂ ਭਗਤਾਂ ਦੀ ਕਟ ਦਿੰਦਾ



www.AKJ.Org

ਹੈ। ਜੋ ਹਰ ਦੰਮ ਸਾਸਿ ਗਿਰਾਸ ਵਾਹਿਗੁਰੂ ਨਾਮ ਧਿਆਉਂਦੇ ਹਨ ਉਹਨਾਂ ਨੂੰ ਮਨ-ਚਿੰਦੇ ਫਲ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੇ ਹਨ ਅਤੇ ਉਹਨਾਂ ਦੇ ਆਤਮ-ਪਰਮਾਤਮ ਸੁਖਾਂ ਦੀ ਸਗਲ ਸਮੱਗਰੀ ਭੀ ਸੰਪੂਰਨ ਹੋ ਜਾਂਦੀ ਹੈ, ਕੋਈ ਕਸਰ ਬਾਕੀ ਨਹੀਂ ਰਹਿੰਦੀ।

ਐਸੇ ਮਹਾਂ-ਪਰਤਾਪੀ-ਨਾਮ ਦੇ ਸਿਮਰਨ ਨੂੰ ਛੱਡ ਕੇ ਜੋ ਜੋ ਮਨਮੁਖ, ਮੂੜ੍ਹ, ਮੁਗਧ ਨਿਗੁਰਾ ਨਰ ਕੁਟੰਬ ਦੇ ਕੂੜੇ ਮੋਹ ਅਤੇ ਮਾਇਆ ਵਿਚ ਲੱਥ ਪੱਥ ਅਤੇ ਖੱਚਤ ਹੋ ਜਾਂਦਾ ਹੈ, ਉਸ ਦੇ ਪੱਲੇ ਬੱਸ ਹਉਮੈ-ਮੇਰਾ ਹੀ ਰਹਿ ਜਾਂਦਾ ਹੈ। ਅਜਿਹੇ ਹਉਮੈਂ ਮੇਰਾ ਕਰਿ ਗਏ ਮਨਮੁਖਾਂ ਦੇ ਪੱਲੇ ਕੁਝ ਨਹੀਂ ਪੈਂਦਾ। ਨਾ ਹੀ ਉਹਨ੍ਹਾਂ ਦੇ ਪਾਸ ਕੁਝ ਰਹਿ ਜਾਂਦਾ ਹੈ, ਨਾ ਹੀ ਮਰਨ ਲਗੇ ਸਾਥ ਲੈ ਕੇ ਉਹ ਜਾਂਦੇ ਹਨ। ਸਭ ਕੁਝ ਐਥੇ ਹੀ ਛਡ ਜਾਂਦੇ ਹਨ; ਕੁਟੰਬ ਨੂੰ ਭੀ ਅਤੇ ਕੁਟੰਬ ਦੀ ਖ਼ਾਤਰ ਮੋਹ-ਮਾਇਆ ਦੇ ਇਕੱਤਰ ਕੀਤੇ ਪਦਾਰਥ ਨੂੰ ਭੀ। ਫੋਕੀ ਮੈਂ-ਮੇਰੀ ਵਿਚ ਹੀ ਅਫਰੇ ਹੋਏ ਉਹ ਮਰ ਜਾਂਦੇ ਹਨ। ਉਹਨਾਂ ਨੂੰ ਸਿਰ ਉਪਰ ਜਮ ਰੂਪੀ ਕਾਲ ਨਹੀਂ ਸੁਝਦਾ। ਦੂਜੇ ਭਾਵ ਦੇ ਹੋਛੇ ਕਰਮਾਂ ਵਿਚ ਰਚਿਆਂ ਮਚਿਆਂ ਨੂੰ ਅੱਗਾ ਸਵਾਰਨ ਦੀ ਸੋਝੀ ਹੀ ਨਹੀਂ ਆਉਂਦੀ। ਅੱਗਾ ਉਹਨਾਂ ਨੂੰ ਦੀਹਦਾ ਨਹੀਂ। ਅੱਗੇ ਨੂੰ ਉਹ ਮੰਨਦੇ ਹੀ ਨਹੀਂ। ਦੂਜੇ ਭਾਵ ਦੇ ਮਿਠੇ ਮੋਹ ਵਿਚ ਹੀ ਰਚੇ ਮਿਚੇ ਰਹਿੰਦੇ ਹਨ ਅਤੇ ਇਸੇ ਮਿੱਠੇ ਮੋਹ ਨੂੰ ਸਚ ਕਰਕੇ ਮੰਨੀ ਰਖਦੇ ਹਨ। ਇਸ ਮਿੱਠੇ ਮੋਹ ਦੇ ਮੁੱਠੇ ਹੋਏ ਉਹ ਅੱਗੇ ਤੋਂ ਬੇਪਰਵਾਰ ਹੋ ਜਾਂਦੇ ਹਨ। ਐਸਾ ਭਰਮ-ਜਾਲ ਮੋਹ-ਮਾਇਆ ਦਾ ਹੈ, ਜਿਸ ਦੇ ਭਰਮਾਏ ਹੋਇਆਂ ਨੂੰ ਜਮਕਾਲ ਸਿਰ ਤੇ ਸੁਝਦਾ ਹੀ ਨਹੀਂ। ਪਰ ਫੇਰ ਉਹਨਾਂ ਦੇ ਵੇਲਾ ਹੱਥ ਨਹੀਂ ਆਉਂਦਾ ਜਦੋਂ ਜਮ ਪਕੜਿ ਚਲਾਉਂਦਾ ਹੈ। ਜਮ ਰੂਪੀ ਕਾਲ ਦੇ ਵਸਿ ਪੈ ਕੇ ਕੰਨ ਤਾਂ ਖੁਲ੍ਹ ਜਾਂਦੇ ਹਨ ਅਤੇ ਆਪਣੇ ਕੀਤੇ ਕਰਮਾਂ ਦਾ ਪਛਤਾਉ ਭੀ ਹੁੰਦਾ ਹੈ, ਪਰ ਫੇਰ ਕੀ ਬਣਦਾ ਹੈ ? ਜਮ ਕਾਲ ਦੇ ਵਸਿ ਪਇਆਂ ਜੀਵਾਂ ਦਾ ਚਾਰਾ ਕੁਝ ਨਹੀਂ ਚਲਦਾ। ਉਸ ਦੇ ਕਮਾਤੇ ਕਰਮਾਂ ਦਾ ਫਲ ਉਸ ਨੂੰ ਮਿਲ ਕੇ ਰਹਿੰਦਾ ਹੈ, ਜਿਹਾ ਕਿ ਧੁਰੋਂ ਉਸ ਦੇ ਲੇਖੇ ਵਿਚ ਲਿਖਿਆ ਹੋਇਆ ਸੀ। ਯਥਾ ਗੁਰਵਾਕ :—

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥
ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ
ਲਿਤਾ ॥ ਸਿਰ ਉਪਰਿ ਜਮਕਾਲੁ ਨ ਸੁਝਈ
ਦੂਜੈ ਭਰਮਿਤਾ ॥ ਫਿਰਿ ਵੇਲਾ ਹਥਿ ਨ
ਆਵਈ ਜਮਕਾਲਿ ਵਸਿ ਕਿਤਾ ॥ ਜੇਹਾ
ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ॥੫॥
[ਵਾਰ ਸੂਹੀ, ੭੮੭

ਆਮ ਲੋਕੀਂ ਇਸ ਗੱਲ ਨੂੰ ਮੰਨਦੇ ਨਹੀਂ ਅਤੇ ਆਮ ਮਗਰਬੀ ਦੇਸਾਂ ਦੀਆਂ ਪੜ੍ਹਾਈਆਂ ਦੇ ਮੁੱਠੇ ਹੋਏ ਸਿਖ ਭੀ ਇਸ ਗੱਲ ਨੂੰ ਢਕੋਂਸਲਾ ਹੀ ਸਮਝਦੇ ਹਨ ਕਿ ਮਰਨ ਸਮੇਂ ਜੀਵ ਨੂੰ ਜਮਦੂਤ ਲੈਣ ਆਉਂਦੇ ਹਨ। ਇਹ ਚਾਹੇ ਕੁਝ ਸਮਝਣ, ਪਰ ਇਹ ਇਕ ਗੁਰਮਤਿ ਸੱਚਾਈ ਹੈ, ਜਿਸ ਦੀ ਅਸਾਡੇ ਪਾਸ ਸ੍ਰੀ ਕਬੀਰ ਸਾਹਿਬ ਦੇ ਮੁਖੋਂ ਉਚਰਾਈ ਅਗਲੇ ਗੁਰਵਾਕ ਦੀ ਪੱਕੀ ਗਵਾਹੀ ਹੈ ਕਿ ਮਰਨ ਸਮੇਂ ਜੀਵਾਂ ਨੂੰ ਲੈਣ ਲਈ ਜਮਦੂਤ ਜ਼ਰੂਰ ਆਉਂਦੇ ਹਨ। ਯਥਾ ਗੁਰਵਾਕ—

ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ
ਦੂਤ ਜਮ ਲੇਨਾ ॥ ਕਿਆ ਤੈ ਖਟਿਆ ਕਹਾ
ਗਵਾਇਆ ॥ ਚਲਹੁ ਸਿਤਾਬ ਦੀਵਾਨਿ
ਬੁਲਾਇਆ ॥੧॥ ਚਲੁ ਦਰਹਾਲੁ ਦੀਬਾਨੁ
ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ
ਆਇਆ ॥੧॥ [ਸੂਹੀ ਕਬੀਰ ਜੀ, ੭੯੨

ਭਾਵ—ਦੁਨੀਆ ਵਿਚ ਰਹਿਣ ਦਾ, ਅਮਲ ਕਰਨ ਦਾ ਜਦੋਂ ਸਮਾਂ ਸਮਾਪਤ ਹੋ ਜਾਂਦਾ ਹੈ, ਅਰਥਾਤ ਜਦੋਂ ਜੀਵ ਦੀ ਆਯੂ ਦੇ ਦਿਨ ਪੁਗ ਜਾਂਦੇ ਹਨ ਤਾਂ ਮਰਨ ਵੇਲੇ ਜੀਵ ਨੂੰ ਜਮ ਰੂਪੀ ਕਠਨ ਦੂਤ (ਕਰੜਾਈ ਕਰਨ ਵਾਲੇ ਦੂਤ) ਲੈਣ ਲਈ ਆ ਜਾਂਦੇ ਹਨ। ਜੀਵ ਨੂੰ ਆਪਣੇ ਅਗੇ ਹੱਕ ਕੇ ਤੋਰਦੇ ਹੋਏ ਕਹਿੰਦੇ ਹਨ ਕਿ ਹੁਣ ਜਕਾਂ ਤਕਾਂ ਕੀ ਕਰਦਾ ਹੈਂ। ਛੇਤੀ (ਸ਼ਤਾਬ) ਚਲੋ। ਧਰਮਰਾਇ ਦੀ ਕਚਹਿਰੀ ਵਿਚ ਤੈਨੂੰ ਬੁਲਾਇਆ ਹੈ, ਜਿਥੇ ਤੈਨੂੰ ਲੇਖਾ ਦੇਣਾ ਪਵੇਗਾ, ਜੋ ਕੁਛ ਕਿ ਤੈਂ ਖਟਿਆ ਹੈ ਯਾ ਗਵਾਇਆ

[ਬਾਕੀ ਦੇਖੋ ਸਫ਼ਾ ੭ ਦੇ ਹੇਠ]



www.AKJ.Org

# ਦਸਮੇਸ਼ ਉਸਤਤਿ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤ੍ਰ' ਮਾਲਬ (ਗੁੜਗਾਉਂ) ]

ਸੋਹਣੇ ਦਸਮੇਸ਼ ! ਪੜ੍ਹ ਪੜ੍ਹ ਇਤਿਹਾਸ ਤੇਰਾ, ਉਮਡਦੇ ਨੇ ਦਿਲੀ ਜਜ਼ਬਾਤ ਕਲਮ ਨੱਚਦੀ।
ਲਖਾਂ ਵਲੀ ਪੀਰ ਆਏ ਜਗ ਤੇ ਜੁਝਾਰ ਜੋਧੇ, ਕੋਈ ਵੀ ਮਿਸਾਲ ਨ ਦਲੀਲ ਨੂੰ ਹੈ ਜੱਚਦੀ।
ਪੁਰਖ ਤੂੰ ਮਹਾਨ, ਤੇਰੀ ਆਸ਼ਾ ਬਲਵਾਨ, ਤੇਰੇ ਹੱਥ ਕਿਰਪਾਨ ਸੀ, ਨਹੀਂ ਸੀ ਵੰਗ ਕੱਚ ਦੀ।
ਮੁਗ਼ਲ ਸਮਰਾਟ ਬਾਈਧਾਰੇ ਦੇ ਮੁਕਾਬਲੇ ਤੇ, ਖੜਾ ਹੋ ਗਇਓਂ ਜਿਵੇਂ ਤੂੰ ਲੈ ਕੇ ਓਟ ਸੱਚ ਦੀ ।੧।
ਮੁਗ਼ਲਾਂ ਪਠਾਣਾਂ ਦੀਆਂ ਬੈਠਕਾਂ 'ਚ ਚਲਦੀਆਂ ਸੀ, ਰਾਤ ਦਿਨ ਤੇਰੇ ਬਾਹੂ ਬਲ ਦੀਆਂ ਕਹਾਣੀਆਂ।
ਜੰਮੇ ਹੋਏ ਖ਼ੂਨ ਬੋਲਾਂ ਤੇਰਿਆਂ ਨੇ ਗਰਮ ਕੀਤੇ, ਤੇਗਾਂ ਸੀ ਫੜਾਈਆਂ ਹਥੀਂ ਬਾਵਿਆਂ ਤੇ ਬਾਣੀਆਂ।
ਭਰ ਰਿਹਾ ਏ ਸਾਖ ਤੇਰੇ ਦਲ ਦੀਆਂ ਦਲੇਰੀਆਂ ਦੀ,ਚੜ੍ਹਤਲਾਂ ਜੋ ਵੇਖੀਆਂ ਸੀ ਸਤਲੁਜ ਦਿਆਂ ਪਾਣੀਆਂ।
ਰੂਪ ਤੇਰਾ ਵੇਖ ਵੇਖ ਵਾਰੇ ਵਾਰੇ ਜਾਂਦੀਆਂ ਸੀ, ਜੋਬਨ ਦੀਆਂ ਮਤੀਆਂ ਤੇ ਰੂਪ ਦੀਆਂ ਰਾਣੀਆਂ ।੨।
ਜਨਮ ਜਨਮਾਂਤਰਾਂ ਦੇ ਪੈਂਡਿਆਂ ਨੂੰ ਝਾਗ ਕੇ ਜੋ ਆਏ ਦਰਬਾਰ ਤੇਰੇ ਤਾਲਬ ਦੀਦਾਰ ਦੇ।
ਵੇਖ ਕੇ ਜਮਾਲ ਤੇ ਜਲਾਲ ਕੁਰਬਾਨ ਹੋਏ, ਚੁਕ ਚੁਕ ਅਖੀਆਂ ਉਤਾਂਹ ਸੀਨੇ ਠਾਰਦੇ।
ਨੈਣਾਂ ਦੇ ਅਮੋਘ ਬਾਣ ਲਗੇ ਜਿਨ੍ਹਾਂ ਸੀਨਿਆਂ 'ਚ, ਬਣ ਗਏ ਸਦਾ ਲਈ ਸੇਵਕ ਦਰਬਾਰ ਦੇ।
'ਨੰਦ ਲਾਲ' ਵਰਗਿਆਂ ਨੂੰ ਜਿਹਾ ਸਰਸ਼ਾਰ ਕੀਤਾ, ਉਮਡ ਆਏ ਸੀਨਿਆਂ 'ਚ ਸਾਗਰ ਪਿਆਰ ਦੇ ।੩।
ਦਿਲਾਂ ਦੀਆਂ ਜਾਣਦਾ ਸੈਂ, ਪੀੜਾਂ ਪਹਿਚਾਣਦਾ ਸੈਂ, ਨਾਮ ਦਾਰੂ ਦੇਣ ਵਾਲਾ ਵਡਾ ਸੈਂ ਤਬੀਬ ਤੂੰ।
ਪਾੜ ਕੇ ਬਿਦਾਵਿਆਂ ਨੂੰ ਗਲ ਲਾਏ ਵਿਛੜਿਆਂ ਨੂੰ, ਦਰਦੀ ਦਿਲਾਂ ਦੇ ਤੇ ਹਿਤੈਸ਼ੀ ਸੈਂ ਹਬੀਬ ਤੂੰ।
ਕੀਤਾ ਸੁਰਜੀਤ ਸੁਰਤਾਂ ਸੁੱਤੀਆਂ ਨੂੰ ਛੱਟੇ ਮਾਰ, ਸੁੱਤੇ ਸੀ ਜਗਾਏ ਜਨਮ ਜਨਮ ਦੇ ਨਸੀਬ ਤੂੰ।
ਤੇਰੇ ਦਰ ਹੋਏ ਪਰਵਾਨ ਪਰਧਾਨ ਬਣੇ, 'ਮਿੱਤਰ' ਜੋ ਉਠਾ ਕੇ ਅੰਗ ਲਾਏ ਸੀ ਗਰੀਬ ਤੂੰ ।੪।

---

[ਸਫ਼ਾ ੬ ਦੀ ਬਾਕੀ]

ਹੈ। ਚਲੋ, ਜਿਸ ਹਾਲ ਵਿਚ ਤੂੰ ਹੁਣ ਹੈਂ ਉਸੇ ਹਾਲ ਵਿਚ ਹੀ ਚਲਣਾ ਪਵੇਗਾ। ਝਬਦੇ ਦੀਵਾਨ ਵਿਚ ਧਰਮਰਾਇ ਨੇ ਤੈਨੂੰ ਬੁਲਾਇਆ ਹੈ। ਧੁਰ ਦਰਗਾਹ ਦਾ ਹਰਿ-ਫ਼ੁਰਮਾਨ ਆਇਆ ਹੈ, ਮੁੜੇਗਾ ਨਹੀਂ। ਐਸਾ ਜਾਪਦਾ ਹੈ ਕਿ ਸ੍ਰੀ ਕਬੀਰ ਸਾਹਿਬ ਜੀ ਨੇ ਕਿਸੇ ਚਲਾਣੇ ਵਾਲੇ ਜੀਵ ਦਾ ਹਾਲ ਖ਼ੁਦ ਆਪਣੀ ਦਿੱਬ ਦ੍ਰਿਸ਼ਟੀ ਦੁਆਰਾ ਦੇਖਿਆ ਹੈ ਅਤੇ ਉਸ ਦੇ ਨਾਲ ਜੋ ਜਮ ਦੇ ਸਵਾਲ ਜਵਾਬ ਹੋਏ ਹਨ, ਉਹ ਭੀ ਆਪਣੇ ਕੰਨੀਂ ਸੁਣੇ ਹਨ, ਜੈਸੇ ਕਿ ਇਸ ਉਪਰਲੇ ਸਾਰੇ ਗੁਰਵਾਕ ਅੰਦਰ ਦਰਜ ਹਨ। ਸਾਰਾ ਸ਼ਬਦ ਭਾਵ ਵਿਚਾਰਨ ਦੀ ਐਥੇ ਲੋੜ ਨਹੀਂ, ਵਾਧੂ ਵਿਸਥਾਰ ਫੈਲਣ ਦਾ ਡਰ ਹੈ। ਸਿਧ ਤਾਂ ਇਹੀ ਗੱਲ ਕਰਨੀ ਹੈ ਕਿ ਮਰਨ ਸਮੇਂ ਜੀਵ ਨੂੰ ਧਰਮਰਾਇ ਦੀ ਕਚਹਿਰੀ ਵਿਚ ਲੈ ਜਾਣ ਲਈ ਜਮਦੂਤ ਜ਼ਰੂਰ ਆਉਂਦੇ ਹਨ। ਇਸ ਗੱਲ ਨੂੰ ਭਾਵੇਂ ਕੋਈ ਗੌਲੇ ਜਾਂ ਨਾ ਗੌਲੇ, ਪਰ ਹੈ ਇਹ ਨਿਰੋਲ ਸਚਾਈ, ਜੋ ਉਪਰ ਵਰਨਣ ਹੋਈ ਹੈ।

ਅਗਲੇ ਗੁਰਵਾਕ ਦੁਤੁਕੀ ਅੰਦਰ ਭਗਤ ਰਵਿਦਾਸ ਜੀ ਦੇ ਮੁਖੋਂ ਉਚਰਵਾਈ ਗਵਾਹੀ ਭੀ ਇਹੋ ਹੈ ਕਿ ਮਰਨ ਪਿਛੋਂ ਜਮ ਦੇ ਔਖੇ ਰਾਹ ਥਾਣੀਂ ਲੰਘਣਾ ਪੈਂਦਾ ਹੈ। ਉਹ ਬੜਾ ਹੀ ਦੁਹੇਲਾ ਮਾਰਗ ਹੈ, ਜਿਥੇ ਨਾ ਕੋਈ ਸੰਗੀ ਹੈ ਨਾ ਸਾਥੀ ਹੈ। ਜੀਵ ਨੂੰ ਇਸ ਰਾਹ ਵਿਚ ਦੀ ਇਕੱਲੇ, ਕੱਲਮ-ਕਲੇ ਨੂੰ ਹੀ ਲੰਘਣਾ ਪੈਂਦਾ ਹੈ। ਯਥਾ ਗੁਰਵਾਕ :—

ਪੁਰਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥
[ਸੂਹੀ ਰਵਿਦਾਸ ਜੀਉ, ੭੯੩

ਪੁਰਸਲਾਤ ਇਕ ਵਾਲ ਜਿੰਨਾ ਨਿੱਕਾ ਰਸਤਾ ਹੈ, ਜੋ ਦੋਜ਼ਕ ਦੀ ਭੜ ਭੜ ਕਰਦੀ ਅੱਗ ਦੇ ਉਪਰ ਬਣਿਆ ਹੋਇਆ ਹੈ। ਇਸ ਦੁਹੇਲੇ ਅਤੇ ਦੁਸ਼ਵਾਰ ਰਸਤੇ ਉਪਰ-ਦੀ ਜੀਵ ਨੂੰ ਅਵੱਸ਼ ਲੰਘਣਾ ਪਊ, ਜਿਸ ਨੇ ਕਿ ਪਾਪ ਕਰਮ ਕਮਾਏ ਹਨ ਇਸ ਦੁਨੀਆ ਵਿਚ ਆ ਕੇ, ਅਤੇ ਨਾਮ ਵਾਹਿਗੁਰੂ ਦਾ ਕਮਾਇਆ ਨਹੀਂ। ['ਅਣਡਿਠੀ ਦੁਨੀਆ' ਪੁਸਤਕ ਵਿਚੋਂ

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ:—ਜੇ. ਪੀ. ਸੰਗਤ ਸਿੰਘ ਜੀ, 75/ , ਬੰਬਈ-82]

## ਰੂਪ, ਰੰਗ, ਰੇਖ, ਭੇਖ ਰਹਿਤ ਪ੍ਰਭੂ (ਪਿਛੇ ਤੋਂ ਅਗੇ)

**ਮੂਲ ਪਾਠ—ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥ ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥੧੨॥**

**ਸ਼ਬਦਾਰਥ**—ਨ੍ਰਿਧੂਤੇ = ਨ੍ਰਿ + ਧੂਤੇ । ਧੂਤ = ਜੋ ਹਿੱਲ ਜਾਏ । ਨ੍ਰਿਧੂਤੇ = ਜੋ ਹਿਲਾਇਆ ਨ ਜਾ ਸਕੇ । ਅਭੂਤੇ = ਤਤਾਂ ਤੋਂ ਮੁਕਤ । ਅਲੋਕੇ = ਜਿਹੜਾ ਕਿਸੇ ਲੋਕ ਵਿਚ ਕਿਧਰੇ ਭੀ ਦਿਸਦਾ ਨਾ ਹੋਵੇ । ਅਸੋਕੇ = ਅ + ਸੋਕ । ਸੋਕ = ਸ਼ੋਕ, ਚਿੰਤਾ, ਫ਼ਿਕਰ । ਅਸੋਕੇ = ਚਿੰਤਾ ਫ਼ਿਕਰਾਂ ਤੋਂ ਮੁਕਤ ।

**ਕਾਵਿ ਭਾਵਾਰਥ :—**

ਆਪਣੇ ਨਿਜ-ਅਸਥਾਨ ਸਥਿਰ ਪ੍ਰੀਤਮ, ਕਿਸੀ ਸਿਮਤਾਂ ਤੋਂ ਵੀ ਨ ਤੂੰ ਹਿਲਾਣ ਹੋਵੇਂ ।
ਪੰਜਾਂ ਤਤਾਂ ਚੋਂ ਕੋਈ ਨਹੀਂ ਤਤ ਐਸਾ, ਜਿਸ ਤੋਂ ਪ੍ਰੀਤਮਾ ਤੇਰਾ ਨਿਰਮਾਣ ਹੋਵੇ ।
ਤਿੰਨਾਂ ਲੋਕਾਂ ਵਿਚ ਹੀ ਟਕਰਾਂ ਮਾਰ ਵੇਖੋ, ਕਿਤੇ ਦਿਸੇ ਨ ਮੇਰਾ ਅਲੋਕ ਪ੍ਰੀਤਮ ।
ਨਮਸਕਾਰ ਡੰਡੋਤ ਮੈਂ ਕਰਾਂ ਤੈਨੂੰ, ਚਿੰਤਾ ਫ਼ਿਕਰਾਂ ਤੋਂ ਮੁਕਤ ਅਸ਼ੋਕ ਪ੍ਰੀਤਮ ।

**ਮੂਲ ਪਾਠ :—ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥ ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥**

**ਸਬਦਾਰਥ :**—ਨ੍ਰਿਤਾਪੇ = ਜਿਸਨੂੰ ਕੋਈ ਤਾਪ ਨਹੀਂ ਲਗਦਾ । ਤਾਪ ਤਿੰਨ ਪ੍ਰਕਾਰ ਦੇ ਹਨ :— (੧) ਅਧਿਆਤਮਕ–ਜੋ ਮਨ ਤੋਂ ਉਠਦੇ ਹਨ । (੨) ਆਧਿਦੈਵਿਕ–ਜਿਹੜੇ ਮਨੁਖ ਦੀ ਕਿਸਮਤ ਲਿਆਉਂਦੀ ਹੈ । (੩) ਆਧਭੋਤਕ–ਜਿਹੜੇ ਕਿ ਇਕ ਦੂਜੇ ਤੋਂ ਲਗਦੇ ਹਨ । ਅਥਾਪੇ = ਅ + ਥਾਪੇ = ਜਿਹੜਾ ਮੂਰਤੀਆਂ ਵਾਂਗ ਅਸਥਾਪਨ ਨ ਕੀਤਾ ਜਾ ਸਕੇ । ਤ੍ਰਿਮਾਨੇ = ਜਿਸ ਦਾ ਤਿੰਨਾਂ ਹੀ ਲੋਕਾਂ ਵਿਚ ਮਾਣ ਇਜ਼ਤ ਹੋਵੇ । ਨਿਧਾਨ = ਖ਼ਜ਼ਾਨਾ, ਸਭ ਗੁਣਾਂ ਪਦਾਰਥਾਂ ਦਾ ਖਜ਼ਾਨਾ ।

**ਕਾਵਿ ਭਾਵਾਰਥ—**

ਤਿੰਨੇ ਤਾਪ ਜੋ ਜੀਵਾਂ ਨੂੰ ਲਗੇ ਹੋਏ ਨੇ, ਤੂੰ ਹੈਂ ਇਹਨਾਂ ਤੋਂ ਮੁਕਤ ਨ੍ਰਿਤਾਪ ਦਾਤਾ ।
ਤੈਨੂੰ ਕੋਈ ਅਸਥਾਪਨ ਨਹੀਂ ਕਰ ਸਕਦਾ, ਤੂੰ ਹੈਂ ਪਰਮ ਮਹਾਨ ਅਥਾਪ ਦਾਤਾ ।
ਧਰਤੀ ਅਤੇ ਅਕਾਸ਼ ਪਤਾਲ ਅੰਦਰ, ਤਿੰਨਾਂ ਲੋਕਾਂ 'ਚ ਹੀ ਹੈ ਤੇਰਾ ਮਾਣ ਪਿਆਰੇ ।
ਤੈਨੂੰ ਨਮੋ ਮੇਰੀ, ਨਮਸਕਾਰ ਮੇਰੀ, ਸਰਬ ਗੁਣਾਂ ਦਾ ਗੁਣੀ ਨਿਧਾਨ ਪਿਆਰੇ ।

**ਮੂਲ ਪਾਠ :—ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥ ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥**

**ਸ਼ਬਦਾਰਥ :**—ਅਗਾਹ = ਜਿਹੜਾ ਗਾਹਿਆ ਨਾ ਜਾ ਸਕੇ, ਜਿਸ ਦਾ ਅੰਤ ਨਾ ਪਾਇਆ ਜਾ ਸਕੇ, ਅਗਾਧ ਬੋਧ । ਅਬਾਹ = ਜਿਸ ਨੂੰ ਹਿਲਾਇਆ ਨਾ ਜਾ ਸਕੇ । ਤ੍ਰਿਬਰਗੇ = ਜਿਸ ਵਿਚ ਸੰਸਾਰ ਦੇ ਤਿੰਨੇ (ਧਰਮ, ਅਰਥ ਤੇ ਕਾਮ) ਮੌਜੂਦ ਹਨ । ਅਸਰਗ = ਅ + ਸਰਗ । ਸਰਗ = ਪੈਦਾਇਸ਼ । ਅਸਰਗ = ਜਿਹੜਾ ਪਦਾਰਥ ਪੈਦਾਇਸ਼ ਵਿਚ ਨਾ ਆਉਂਦਾ ਹੋਵੇ, ਜਿਹੜਾ ਜੰਮਦਾ ਜਨਮਦਾ ਨਾ ਹੋਵੇ ।

**ਕਾਵਿ ਭਾਵਾਰਥ :—**

ਨਮਸਕਾਰ ਤੈਨੂੰ ਹੇ ਅਸੀਮ ਪ੍ਰੀਤਮ, ਗਾਹਿਆ ਜਾ ਨ ਸਕੇਂ ਅਗਾਹ ਦਾਤਾ ।
ਤੂੰ ਸ਼੍ਰੋਮਣੀ ਪਰਮ ਮਹਾਨ ਪਿਆਰੇ, ਤੈਨੂੰ ਕੋਈ ਨ ਸਕੇ ਹਿਲਾ ਦਾਤਾ ।
ਧਰਮ, ਅਰਥ ਤੇ ਕਾਮ ਭੰਡਾਰ ਦਾਤਾ ਨਮਸਕਾਰ ਹੈ ਤੈਨੂੰ ਤ੍ਰਿਬਰਗ ਪ੍ਰੀਤਮ ।
ਜਿਹੜਾ ਨਹੀਂ ਪੈਦਾ ਕੀਤਾ ਜਾ ਸਕਦਾ, ਤੈਨੂੰ ਨਮੋ ਹੈ ਮੇਰੇ ਅਸਰਗ ਪ੍ਰੀਤਮ ।



www.AKJ.Org

**ਮੂਲ ਪਾਠ :—ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥ ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥**

**ਸ਼ਬਦਾਰਥ** :—ਪ੍ਰਭੋਗੇ = ਪ੍ਰ = ਭੋਗ । ਭੋਗੇ = ਭੋਗਣ ਵਾਲਾ, ਮਾਣਨ ਵਾਲਾ । ਪ੍ਰਭੋਗ = ਚੰਗੀ ਤਰ੍ਹਾਂ ਮਾਣਨ ਵਾਲਾ । ਸੁਜੋਗੇ = ਸੁ + ਜੋਗੇ, ਚੰਗੀ ਤਰ੍ਹਾਂ ਮਿਲਿਆ ਹੋਇਆ, ਅਭੇਦ ਹੋਇਆ ਹੋਇਆ । ਅਰੰਗੇ = ਅ + ਰੰਗੇ, ਜਿਸ ਦਾ ਕੋਈ ਰੰਗ ਨਾ ਹੋਵੇ, ਅਭੰਗੇ = ਅ + ਭੰਗ, ਜਿਹੜਾ ਕਦੇ ਨਾਸ ਨਹੀਂ ਹੁੰਦਾ, ਅਬਿਨਾਸ਼ੀ ।

**ਕਾਵਿ ਭਾਵਾਰਥ :—**

ਭੋਗਣ ਯੋਗ ਪਦਾਰਥ ਅਸਚਰਜ ਹੈਂ ਤੂੰ, ਨਮਸਕਾਰ ਤੈਨੂੰ ਹੇ ਪ੍ਰਭੋਗ ਦਾਤਾ !
ਹਰ ਇਕ ਨਾਲ ਹੈ ਤੇਰਾ ਸੰਬੰਧ ਪੱਕਾ, ਸਭ ਦੇ ਪਰਮ ਸੰਜੋਗੀ, ਸੁਜੋਗ ਦਾਤਾ !
ਹੇ ਦਾਤਾਰ ! ਤੇਰਾ ਕੋਈ ਰੰਗ ਹੀ ਨਹੀਂ, ਹੇ ਅਰੰਗ ਪ੍ਰੀਤਮ, ਨਮਸਕਾਰ ਤੈਨੂੰ ।
ਤੂੰ ਅਬਿਨਾਸ਼ੀ, ਨ ਕਦੇ ਵੀ ਨਾਸ਼ ਹੋਵੇਂ, ਹੇ ਅਭੰਗ ਪ੍ਰੀਤਮ, ਨਮਸਕਾਰ ਤੈਨੂੰ ।

**ਮੂਲ ਪਾਠ :—ਨਮਸਤੰ ਅਗੰਮੇ ॥ ਨਮਸਤਸਤ ਰੰਮੇ ॥ ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ॥੧੬॥**

**ਸ਼ਬਦਾਰਥ** :—ਅਗੰਮੇ = ਜਿਸ ਤੀਕ ਕਿਸੇ ਦੀ ਪਹੁੰਚ ਨ ਹੋ ਸਕੇ । ਨਮਸਤਸਤ = ਨਮਸ + ਤ + ਅਸਤ । ਨਮਸ = ਨਮਸਕਾਰ । ਤ = ਤੈਨੂੰ । ਅਸਤ = ਹੋਵੇ । ਰੰਮੇ = ਸੁੰਦਰ । ਜਲਾਸਰੇ = ਜਲ ਦਾ ਆਸਰਾ, ਸਾਗਰ ਦਾ ਆਸਰਾ । ਨਿਰਾਸਰੇ = ਜਿਸ ਨੂੰ ਕਿਸੇ ਦੇ ਆਸਰੇ ਦੀ ਲੋੜ ਨਹੀਂ, ਕਿਸੇ ਦੀ ਮੁਥਾਜੀ ਨਹੀਂ ।

**ਕਾਵਿ ਭਾਵਾਰਥ :—**

ਦਾਤਾ ! ਕੋਈ ਵੀ ਤੈਨੂੰ ਨਹੀਂ ਪੁਜ ਸਕਦਾ, ਪਾ ਨ ਸਕੇ ਬੁਧ ਵੀ ਤੇਰਾ ਪਾਰ ਪ੍ਰੀਤਮ !
ਅਤੀ ਸੁੰਦਰ ਸਰੂਪ ਦਾਤਾਰ ਮੇਰੇ, ਤੈਨੂੰ ਨਮੋ ਮੇਰੀ ਨਮਸ਼ਕਾਰ ਪ੍ਰੀਤਮ !
ਸਾਗਰ ਰੂਪ ਅਥਾਹ ਮਹਾਨ ਦਾਤਾ, ਨਮਸਕਾਰ ਤੈਨੂੰ ਤੇ ਡੰਡੌਤ ਤੈਨੂੰ ।
ਨਹੀਂ ਹੈ ਕਿਸੇ ਦਾ ਵੀ ਤੂੰ ਮੁਥਾਜ ਪਿਆਰੇ, ਹੇ ਨਿਰਾਸਰੇ ! ਮੇਰੀ ਡੰਡੌਤ ਤੈਨੂੰ ।

**ਮੂਲ ਪਾਠ :—ਨਮਸਤੰ ਅਜਾਤੇ ॥ ਨਮਸਤੰ ਅਪਾਤੇ॥ ਨਮਸਤੰ ਅਮਜਬੇ ॥ ਨਮਸਤਸਤ ਅਜਬੇ॥੧੭॥**

**ਸ਼ਬਦਾਰਥ** :—ਅਜਾਤੇ = ਜਿਸ ਦੀ ਕੋਈ ਜਾਤ ਨਹੀਂ । ਅਪਾਤੇ = ਜਿਸਦੀ ਕੋਈ ਕੁਲ, ਕੋਈ ਖ਼ਾਨਦਾਨ ਨਹੀਂ । ਅਮਜਬੇ–ਜਿਸ ਦਾ ਕੋਈ ਖ਼ਾਸ ਮਜ਼ਹਬ (ਧਰਮ) ਨਹੀਂ, ਕੋਈ ਮਤ ਨਹੀਂ, ਕੋਈ ਦੀਨ ਨਹੀਂ । ਅਜਬ–ਅਸਚਰਜ ।

**ਕਾਵਿ ਭਾਵਾਰਥ :—**

ਤੈਨੂੰ ਨਮੋ ਮੇਰੇ ਸੁਆਮੀ ਕਰਾਂ ਨਿਤ ਨਿਤ, ਦਾਤਾ ਆਪਣੀ ਤੇਰੀ ਕੋਈ ਜਾਤ ਹੀ ਨਹੀਂ ।
ਕੋਈ ਵਰਨ ਹੀ ਨਹੀਂ, ਕੋਈ ਕੁਲ ਹੀ ਨਹੀਂ, ਕੋਈ ਗੋਤ ਹੀ ਨਹੀਂ, ਕੋਈ ਪਾਤ ਹੀ ਨਹੀਂ ।
ਤੇਰਾ ਨਹੀਂ ਕੋਈ ਮਤ ਮਤਾਂਤ ਪ੍ਰੀਤਮ, ਤੈਨੂੰ ਬੰਦਗੀ ਤੈਨੂੰ ਅਦੇਸ਼ ਮੇਰਾ ।
ਸੁੰਦਰ ਰੂਪ, ਅਸਚਰਜ ਸਰੂਪ ਦਾਤਾ, ਤੈਨੂੰ ਨਮੋ ਮੇਰੀ ਤੇ ਅਦੇਸ਼ ਮੇਰਾ ।

**ਮੂਲ ਪਾਠ :—ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥ ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥**

**ਸ਼ਬਦਾਰਥ** : - ਅਦੇਸੰ = ਨਮਸਕਾਰ । ਅਦੇਸੇ = ਜਿਸ ਦਾ ਕੋਈ ਦੇਸ ਨਾ ਹੋਵੇ । ਅਭੇਸੇ = ਜਿਸ ਦਾ ਕੋਈ ਭੇਸ ਨਾ ਹੋਵੇ । ਨ੍ਰਿਧਾਮੇ = ਨ੍ਰਿ + ਧਾਮ, ਜਿਸ ਦਾ ਕੋਈ ਘਰ ਨਹੀਂ, ਧਾਮ ਨਹੀਂ । ਨ੍ਰਿਬਾਮ = ਨਿਰ + ਬਾਮ । ਬਾਮ = ਬਾਮਾ, ਇਸਤ੍ਰੀ । ਨ੍ਰਿਬਾਮ = ਜੋ ਇਸਤ੍ਰੀ ਦੀ ਕੁਖੋਂ ਪੈਦਾ ਨਹੀਂ ਹੋਇਆ ।

**ਕਾਵਿ ਭਾਵਾਰਥ :—**

ਇਥੇ ਉਥੇ ਤੂੰ ਹਾਜ਼ਰ ਹਜ਼ੂਰ ਹਰ ਥਾਂ, ਤੇਰਾ ਕੋਈ ਵਿਸ਼ੇਸ਼ ਇਕ ਦੇਸ਼ ਨਹੀਂ ਹੈ ।
'ਹਰ ਇਕ ਭੇਸ ਵਿਚ ਤੇਰਾ ਹੀ ਨੂਰ ਦਿਸਦਾ, ਦਾਤਾ ਕੋਈ ਵਖਰਾ ਤੇਰਾ ਭੇਸ ਨਹੀਂ ਹੈ ।



www.AKJ.Org

ਤੈਨੂੰ ਕਰਾਂ ਪ੍ਰਨਾਮ ਦਾਤਾਰ ਮੇਰੇ, ਨਹੀਂ ਕੋਈ ਘਰ ਤੇਰਾ, ਨ ਨਿਜ-ਧਾਮ ਪ੍ਰੀਤਮ।
ਕਿਸੀ ਇਸਤ੍ਰੀ ਕੁਖੋਂ ਨਹੀਂ ਜਨਮਿਆ ਤੂੰ, ਜਨਮ ਰਹਿਤ ਹੈਂ ਮੇਰੇ ਨਿਰਬਾਮ ਪ੍ਰੀਤਮ।

**ਮੂਲ ਪਾਠ :–ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥ ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥**

**ਸ਼ਬਦਾਰਥ** :–ਸਰਬ ਕਾਲੇ=ਸਭ ਦਾ ਨਾਸ ਕਰਨ ਵਾਲਾ। ਸਰਬ ਦਿਆਲੇ=ਸਭਨਾਂ ਉਪਰ ਦਇਆ ਕਰਨ ਵਾਲਾ। ਸਰਬ ਰੂਪੇ=ਸਭ ਹੀ ਰੂਪਾਂ ਵਿਚ ਮੌਜੂਦ। ਸਰਬ ਭੂਪੇ=ਸਭਨਾਂ ਦਾ ਰਾਜਾ, ਪਾਤਿਸ਼ਾਹ।

**ਕਾਵਿ ਭਾਵਾਰਥ :–**

ਹਰ ਇਕ ਜੀਵ ਦਾ ਤੂਹੀ ਹੈਂ ਕਾਲ ਪ੍ਰੀਤਮ, ਨਮਸਕਾਰ ਤਨੂੰ ਨਮਸਕਾਰ ਤੈਨੂੰ।
ਜੀਵ ਮਾਤ੍ਰ ਤੇ ਸਦਾ ਦਿਆਲ ਦਾਤਾ, ਨਮਸਕਾਰ ਤੈਨੂੰ ਨਮਸਕਾਰ ਤਨੂੰ।
ਹਰ ਇਕ ਰੂਪ ਵਿਚ ਤੇਰੀ ਹੀ ਜੋਤ ਵਸਦੀ, ਤੇਰਾ ਨੂਰ ਹੀ ਹੈ ਹਰ ਅਕਾਰ ਦੇ ਵਿਚ।
ਦਾਤਾ ਤੈਨੂੰ ਡੰਡੌਤ ਹੈ ਮੇਰੀ ਤੂੰ ਤਾਂ, ਮਹਾਰਾਜ ਹੈਂ ਰਾਜ-ਦਰਬਾਰ ਦੇ ਵਿਚ।

**ਮੂਲ ਪਾਠ :–ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥ ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥**

**ਸ਼ਬਦਾਰਥ** :–ਸਰਬ ਖਾਪੇ=ਸਭ ਨੂੰ ਖਪਾ ਦੇਣ ਵਾਲਾ, ਨਾਸ ਕਰਨ ਵਾਲਾ। ਸਰਬ ਥਾਪੇ=ਸਭ ਨੂੰ ਪੈਦਾ ਕਰਨ ਵਾਲਾ। ਸਰਬ ਕਾਲੇ=ਸਭਨਾਂ ਦਾ ਕਾਲ ਰੂਪ। ਸਰਬ ਪਾਲੇ=ਸਭ ਦੀ ਪਾਲਨਾ ਕਰਨ ਵਾਲਾ।

**ਕਾਵਿ ਭਾਵਾਰਥ :–**

ਤੂੰਹੀਓਂ ਸਾਰਿਆ ਦਾ ਨਾਸ਼ ਕਰਨ ਵਾਲਾ, ਹੇ ਵਿਨਾਸ਼-ਕਰਤਾ, ਹੈ ਪ੍ਰਨਾਮ ਤੈਨੂੰ।
ਨਾਲੇ ਉਤਪਤੀ ਵੀ ਤੂੰਹੀਓਂ ਕਰੇਂ ਸਭ ਦੀ, ਥਾਪਣਹਾਰ ਸਭ ਦੇ, ਹੈ ਪ੍ਰਨਾਮ ਤੈਨੂੰ।
ਤੈਨੂੰ ਕਰਾਂ ਹਰ ਦੰਮ ਨਮਸਕਾਰ ਬੰਦਨਾ, ਹਰ ਇਕ ਜੀਵ ਦਾ ਤੂੰਹੀ ਹੈਂ ਕਾਲ ਪ੍ਰੀਤਮ।
ਰੋਜ਼ੀ ਰਿਜ਼ਕ ਦੇ ਕੇ ਪਾਲੇਂ ਤੂੰ ਹੀ ਸਭ ਨੂੰ, ਨਾਲੇ ਸਭਸ ਦਾ ਤੂੰਹੀ ਪ੍ਰਤਿਪਾਲ ਪ੍ਰੀਤਮ।

**ਮੂਲ ਪਾਠ :–ਨਮਸਤਸਤ ਦੇਵੈ ॥ ਨਮਸਤੰ ਅਭੇਵੈ ॥ ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥੨੧॥**

**ਸ਼ਬਦਾਰਥ** :–ਦੇਵੈ=ਦੇਵ, ਪੂਜਣ ਯੋਗ। ਅਭੇਵੈ=ਅ+ਭੇਵ, ਜਿਸ ਦਾ ਕੋਈ ਭੇਦ ਨਾ ਪਾਇਆ ਜਾ ਸਕੇ। ਅਜਨਮੇ=ਜਿਸ ਦਾ ਜਨਮ ਨਹੀਂ ਹੁੰਦਾ। ਸੁਬਨਮੇ=ਸੁਵੰਨਾ, ਸੁਹਣਾ, ਸੁੰਦਰ।

**ਕਾਵਿ ਭਾਵਾਰਥ :–**

ਪੂਜਣ ਯੋਗ ਸਭ ਦੇ ਮੇਰੇ ਦੇਵ ਪ੍ਰੀਤਮ, ਨਮਸਕਾਰ ਤੈਨੂੰ ਤੇ ਪ੍ਰਨਾਮ ਤੈਨੂੰ।
ਹੇ ਅਭੇਵ ! ਤੇਰਾ ਭੇਦ ਮਿਲੇ ਕੋਈ ਨ, ਨਮਸਕਾਰ ਤੈਨੂੰ ਤੇ ਪ੍ਰਨਾਮ ਤੈਨੂੰ।
ਦਾਤਾ ! ਕਦੇ ਵੀ ਤੇਰਾ ਨਹੀਂ ਜਨਮ ਹੋਇਆ, ਤੂੰ ਸਦੀਵ ਹੈਂ ਤੇ ਅਜਨਮ ਦਾਤਾ।
ਤੈਨੂੰ ਮੇਰਾ ਸਲਾਮ ਹੈ ਪ੍ਰਭੂ ਮੇਰੇ, ਸੁੰਦਰ, ਸੁਹਣੇ, ਸੁਵੰਨੇ, ਸੁਬਨਮ ਦਾਤਾ।

**ਮੂਲ ਪਾਠ :–ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥ ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ॥੨੨॥**

**ਸ਼ਬਦਾਰਥ** :–ਸਰਬ ਗਉਨੇ=ਜਿਸ ਦੀ ਹਰ ਥਾਂ ਪਹੁੰਚ ਹੈ, ਜੋ ਹਰ ਥਾਂ ਮੌਜੂਦ ਹੈ। ਭਉਣ=ਨਿਵਾਸ ਅਸਥਾਨ। ਸਰਬ ਭਉਨੇ=ਸਭ ਦੇ ਅੰਦਰ ਜਿਸ ਦਾ ਨਿਵਾਸ ਹੈ। ਸਰਬ ਰੰਗੇ=ਹਰ ਇਕ ਰੰਗ ਵਿਚ ਜਿਸ ਦੀ ਰੰਗਤ ਹੈ। ਸਰਬ ਭੰਗੇ=ਸਭ ਨੂੰ ਭੰਗ ਕਰਨ ਵਾਲਾ, ਸਭ ਨੂੰ ਨਾਸ ਕਰਨ ਵਾਲਾ।

**ਕਾਵਿ ਭਾਵਾਰਥ :–**

ਹਰ ਇਕ ਥਾਂ ਤੇ ਪ੍ਰਭੂ ਵਿਆਪਕ ਹੈਂ ਤੂ, ਤੇਰੀ ਪਹੁੰਚ ਹਰ ਥਾਈਂ ਹੈ ਗਉਨ ਤੇਰਾ।
ਹਰ ਇਕ ਜੀਵ ਅੰਦਰ ਹੀ ਹੈ ਵਾਸ ਤੇਰਾ, ਹਰ ਇਕ ਰਿਦਾ ਹੀ ਹੈ ਦਾਤਾ ਭਉਨ ਤੇਰਾ।
ਹਰ ਇਕ ਚਮਕ ਵਿਚ ਤੇਰੀ ਹੀ ਚਮਕ ਦਾਤਾ, ਹਰ ਇਕ ਰੰਗ ਵਿਚ ਤੇਰਾ ਹੀ ਰੰਗ ਪਿਆਰੇ।
ਤੈਨੂੰ ਨਮੋ, ਤੂੰ ਸਭ ਦਾ ਵਿਨਾਸ਼ ਕਰਤਾ, ਆਇਆ, ਬਣਿਆ ਜੋ, ਸਭ ਕਰੇਂ ਭੰਗ ਪਿਆਰੇ।


www.AKJ.Org

**ਮੂਲ ਪਾਠ :—ਨਮੋ ਕਾਲ ਕਾਲੇ ॥ ਨਮਸ਼ਤਸਤ ਦਿਆਲੇ॥ਨਮਸਤੰ ਅਬਰਨੇ॥ਨਮਸਤੰ ਅਮਰਨੇ॥੨੩॥**

**ਸ਼ਬਦਾਰਥ** :—ਕਾਲ ਕਾਲੇ=ਕਾਲ ਦਾ ਵੀ ਕਾਲ, ਮੌਤ ਦੀ ਵੀ ਮੌਤ। ਅਬਰਨੇ=ਅ+ਬਰਨ= ਜਿਸ ਦਾ ਕੋਈ ਵਰਨ ਜਾਂ ਧਰਮ ਨਹੀਂ। ਅਮਰਨੇ=ਅ+ਮਰਨ, ਜਿਹੜਾ ਮੌਤ ਦੀ ਪਹੁੰਚ ਤੋਂ ਬਾਹਰ ਹੈ।

**ਕਾਵਿ ਭਾਵਾਰਥ :—**

ਤੂੰ ਹੈਂ ਮੌਤ ਦੀ ਵੀ ਮੌਤ ਮੇਰੇ ਦਾਤਾ, ਅਤੇ ਕਾਲ ਦਾ ਭੀ ਤੂੰ ਹੈਂ ਕਾਲ ਪ੍ਰੀਤਮ।
ਤੈਨੂੰ ਨਮੋ ਹੈ, ਮਿਹਰਾਂ ਦਾ ਘਰ ਹੈਂ ਤੂੰ, ਦਿਆਵਾਨ ਤੂੰ ਪਰਮ ਦਿਆਲ ਪ੍ਰੀਤਮ।
ਵਰਨ ਜਾਤ ਨਹੀਂ ਕੋਈ ਵੀ ਤੇਰੀ ਦਾਤਾ, ਨਮਸਕਾਰ ਤੈਨੂੰ ਹੇ ਅਬ੍ਰਨ ਪਿਆਰੇ।
ਮੌਤ, ਕਾਲ ਨਹੀਂ ਤੈਨੂੰ ਹਨ ਪੋਹ ਸਕਦੇ, ਤੂੰ ਅਮਰ ਹੈਂ ਮੇਰੇ ਅਮਰਨ ਪਿਆਰੇ।

**ਮੂਲ ਪਾਠ :—ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥ ਨਮੋ ਸਰਬ ਧੰਧੇ ॥ ਨਮੋ ਸਤ ਅਬੰਧੇ ॥੨੪॥**

**ਸ਼ਬਦਾਰਥ** :—ਜਰਾਰੰ=ਜਰਾ+ਅਰੰ, ਜਰਾ=ਬੁਢੇਪਾ, ਅਰੰ=ਵੈਰੀ। ਜਰਾਰੰ=ਬੁਢੇਪੇ ਦਾ ਵੈਰੀ। ਕ੍ਰਿਤਾਰੰ=ਰਚਨਹਾਰ। ਸਰਬ ਧੰਧੇ=ਸਭ ਦੇ ਧੰਧੇ ਕਰਨ ਵਾਲਾ, ਸਭ ਦੇ ਕਾਰਜ ਕਰਨ ਵਾਲਾ। ਅਬੰਧੇ= ਬੰਧਨਾਂ ਤੋਂ ਮੁਕਤ।

**ਕਾਵਿ ਭਾਵਾਰਥ :—**

ਤੈਨੂੰ ਕਦੇ ਬੁਢੇਪਾ ਨਹੀਂ ਆ ਸਕਦਾ, ਤੈਨੂੰ ਨਮੋ ਹੇ ਮੇਰੇ ਜਰਾਰ ਪ੍ਰੀਤਮ।
ਰਚਨਹਾਰ ਸਭ ਦੇ, ਨਮਸਕਾਰ ਤੈਨੂੰ, ਹਰ ਇਕ ਜੀਵ ਦਾ ਤੂੰ ਹੀ ਕਰਤਾਰ ਪ੍ਰੀਤਮ।
ਕਾਰਜ ਸਾਰਿਆਂ ਦੇ ਤੂੰਹੀ ਕਰਨ ਵਾਲਾ, ਧੰਧੇ ਸਾਰਿਆਂ ਦੇ ਤੂੰ ਹੀ ਸਾਰਦਾ ਹੈਂ।
ਹਰ ਇਕ ਬੰਧਨ ਤੋਂ ਮੁਕਤ ਹੈਂ ਪ੍ਰਭੂ ਮੇਰੇ, ਕੋਈ ਨ ਬੰਧ ਤੈਨੂੰ ਬੰਧਨ ਮਾਰਦਾ ਹੈ।

**ਮੂਲ ਪਾਠ :—ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥ ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥**

**ਸ਼ਬਦਾਰਥ** :—ਨ੍ਰਿਸਾਕੇ=ਜਿਸਦਾ ਕੋਈ ਸਾਕ ਜਾਂ ਰਿਸ਼ਤੇਦਾਰ ਨ ਹੋਵੇ। ਨ੍ਰਿਬਾਕੇ=ਨਿਰ+ਬਾਕ, ਬਾਕ=ਡਰ। ਨਿਰਬਾਕ=ਬੇਖ਼ੌਫ਼, ਨਿਡਰ। ਰਹੀਮ=ਰਹਿਮ ਕਰਨ ਵਾਲਾ, ਦਿਆਲੂ। ਕਰੀਮ=ਕਰਮ ਕਰਨ ਵਾਲਾ, ਕਿਰਪਾਲੂ।

**ਕਾਵਿ ਭਾਵਾਰਥ :—**

ਇਕੋ ਇਕ ਹੈਂ ਤੂੰ, ਨ੍ਰਿਸਾਕ ਹੈਂ ਤੂੰ, ਕੋਈ ਨਹੀਂ ਸਾਕ ਤੇਰਾ ਰਿਸ਼ਤੇਦਾਰ ਤੇਰਾ।
ਤੂੰ ਨਿਰਭਉ, ਬੇਖ਼ੌਫ਼, ਨਿਡਰ ਪ੍ਰੀਤਮ, ਹੇ ਨ੍ਰਿਬਾਕ ! ਤੈਨੂੰ ਨਮਸਕਾਰ ਮੇਰਾ।
ਦਾਤਾ ਸਾਗਰ ਹੈਂ ਤੂੰ ਦਿਆਲਤਾ ਦਾ, ਕਰੇਂ ਰਹਿਮਤਾਂ ਸਭ ਤੇ ਰਹੀਮ ਸੁਆਮੀ।
ਤੂੰ ਭੰਡਾਰ ਹੈਂ ਨਿਹਮਤਾਂ ਬਖ਼ਸ਼ਿਸ਼ਾਂ ਦਾ, ਤੈਨੂੰ ਨਮੋ ਹੇ ਮੇਰੇ ਕਰੀਮ ਸੁਆਮੀ।

**ਮੂਲ ਪਾਠ :—ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥ ਨਮਸਤਸਤ ਰਾਗੇ ॥ ਨਮਸਤੰ ਸੁਹਾਗੇ ॥੨੬॥**

**ਸ਼ਬਦਾਰਥ** :—ਅਨੰਤੇ=ਅਨ+ਅੰਤੇ, ਜਿਸ ਦਾ ਕੋਈ ਅੰਤ ਸ਼ੁਮਾਰ ਨਹੀਂ। ਮਹੰਤੇ=ਮਹਾਂਤ, ਸਭ ਤੋਂ ਵਡਾ। ਰਾਗ=ਪਿਆਰ, ਪਿਆਰ ਰੂਪ। ਸੁਹਾਗੇ=ਪਤੀ, ਖਸਮ, ਸੁਹਾਗ।

**ਕਾਵਿ ਭਾਵਾਰਥ :—**

ਤੇਰਾ ਅੰਤ ਸ਼ੁਮਾਰ ਨ ਮਿਲੇ ਕੋਈ, ਨਮਸਕਾਰ ਤੈਨੂੰ ਹੇ ਅਨੰਤ ਦਾਤਾ!
ਤੂੰ ਹੈਂ ਪੂਜਯ ਸਰਬਤ ਦਾ ਪ੍ਰਭੂ ਮੇਰੇ, ਤੈਨੂੰ ਨਮੋ ਹੇ ਮੇਰੇ ਮਹੰਤ ਦਾਤਾ!
ਪ੍ਰੇਮ ਅਤੇ ਪਿਆਰ ਦਾ ਰੂਪ ਹੈਂ ਤੂੰ, ਹਰ ਇਕ ਨਾਲ ਤੇਰਾ ਪ੍ਰੇਮ ਰਾਗ ਪ੍ਰੀਤਮ!
ਨਮਸਕਾਰ ਤੈਨੂੰ ਹੇ ਦਾਤਾਰ ਮੇਰੇ, ਤੂੰਹੀਓਂ ਸਾਰਿਆਂ ਦਾ ਹੈਂ ਸੁਹਾਗ ਪ੍ਰੀਤਮ!

[ਬਾਕੀ ਦੇਖੋ ਸਫ਼ਾ ੧੪ ਦੇ ਹੇਠ]



www.AKJ.Org

# ਕੀ ਸਿੰਘਣੀਆਂ ਖੰਡੇ ਤੇ ਬਾਟੇ ਦੇ ਅੰਮ੍ਰਿਤ ਦੀਆਂ ਅਧਿਕਾਰੀ ਨਹੀਂ ?

[ਵਲੋਂ :—ਬੀਬੀ ਹਰਸ਼ਰਨ ਕੌਰ ਜੀ, ਆਨਰੇਰੀ ਸਕੱਤਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ]

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੰਡੇ ਦਾ ਅੰਮ੍ਰਿਤ ਪ੍ਰਚਲਤ ਕੀਤਾ ਤਾਂ ਕੇਵਲ 'ਖੰਡੇ' ਦਾ, ਜਿਸ ਦੀ ਸਾਖ ਭਾਈ ਗੁਰਦਾਸ (ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ) ਇਸ ਪੰਕਤੀ ਵਿਚ ਭਰਦਾ ਹੈ :

ਪੀਵਹੁ ਪਾਹੁਲ 'ਖੰਡੇ ਧਾਰ'
ਹੋਇ ਜਨਮ ਸੁਹੇਲਾ ॥

ਜਿਨ੍ਹਾਂ ਬੀਬੀਆਂ ਨੂੰ ਗੁਰੂ ਜੀ ਦੇ ਸਮੇਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਸੀ, ਉਹ ਖੰਡੇ ਦੇ ਅੰਮ੍ਰਿਤ ਰਾਹੀਂ ਹੀ ਪ੍ਰਾਪਤ ਹੁੰਦੀ ਸੀ। ਜੇ ਗੁਰੂ ਸਾਹਿਬ ਨੇ ਇਸਤ੍ਰੀਆਂ ਦਾ ਵੱਖਰਾ ਅੰਮ੍ਰਿਤ ਕਿਰਪਾਨ ਦਾ ਤਿਆਰ ਕੀਤਾ ਹੁੰਦਾ ਤਾਂ ਇਸ ਦਾ ਜ਼ਿਕਰ ਕੋਈ ਇਤਿਹਾਸਕਾਰ ਕਿਸੇ ਥਾਂ ਜ਼ਰੂਰ ਕਰਦਾ। ਅਜਿਹਾ ਹਵਾਲਾ ਕਿਧਰੇ ਨਹੀਂ ਮਿਲਦਾ, ਸਗੋਂ ਹਰ ਥਾਂ ਖੰਡੇ ਦਾ ਅੰਮ੍ਰਿਤ ਪ੍ਰਚਲਤ ਕਰਨ ਬਾਰੇ ਹੀ ਦਸਿਆ ਗਿਆ ਹੈ।

ਮਾਈ ਭਾਗੋ, ਜਿਨ੍ਹਾਂ ਨੇ ਆਪਣੇ ਵੀਰਾਂ ਦੀਆਂ ਖ਼ੁਸ਼ਕ ਹੋਈਆਂ ਰਗਾਂ ਵਿਚ ਖ਼ੂਨ ਭਰਿਆ ਅਤੇ ਪ੍ਰੇਰਨਾ ਦੇ ਕੇ ਟੁਟੀ ਗੰਢੀ ਸੀ, ਜਦੋਂ ਉਹ ਪ੍ਰੇਮ ਅਤੇ ਉਨਮਨੀ ਅਵਸਥਾ ਵਿਚ ਬਿਹੰਗਮੀ ਰੂਪ ਅੰਦਰ ਵਿਚਰ ਰਹੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਵਿਖੇ ਨਾਮੀ ਸਿੱਖਾਂ ਨਾਲ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਸਿੰਘਣੀਆਂ ਵਾਲਾ ਸਿਰ ਉਤੇ ਦਸਤਾਰ ਵਾਲਾ ਸਰੂਪ ਬਖ਼ਸ਼ਿਆ ਸੀ।

ਸਾਡੇ ਇਤਿਹਾਸ ਦੇ ਪੱਤਰਿਆਂ ਵਿਚ, ਜਿਨ੍ਹਾਂ ਵਿਚੋਂ ਕਈ ਅਣਲਿਖੇ ਵੀ ਰਹਿ ਗਏ ਹਨ, ਮਾਤਾ ਭਾਗ ਕੌਰ ਜੀ ਦੇ ਅੰਮ੍ਰਿਤ ਛਕਣ ਤੇ ਦਸਤਾਰ ਦੀ ਧਾਰਨੀ ਹੋਣ ਦੇ ਸਬੂਤ ਮਿਲਦੇ ਹਨ। ਆਪ ਜੀ ਨੇ ਇਹੀ ਰਹਿਤ-ਬਹਿਤ ਸ੍ਰੀ ਹਜ਼ੂਰ ਸਾਹਿਬ ਵਿਚ ਆਪਣੇ ਅੰਤ ਜੀਵਨ ਦੇ ਸਵਾਸਾਂ ਤਕ ਧਰਮ ਪ੍ਰਚਾਰ ਕਰਦਿਆਂ ਨਿਭਾਈ। ਸਤਿਗੁਰੂ ਜੀ ਨੇ ਤਾਂ ਸਿਰੋਪਾਓ ਬਖ਼ਸ਼ਿਸ਼ ਕਰਨ ਵੇਲੇ ਵੀ ਵਿਤਕਰਾ ਨਾ ਕੀਤਾ, ਦਸਤਾਰ ਬਖ਼ਸ਼ਿਸ਼ ਕੀਤੀ ਸੀ। ਦੁਪੱਟਾ ਢਾਈ ਗਜਾ ਨਹੀਂ ਦਿੱਤਾ। ਤਾਂ ਅੰਮ੍ਰਿਤ ਦੋ-ਭਾਂਤਾ ਕਿਵੇਂ ਹੋ ਸਕਦਾ ਸੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਜਿਨ੍ਹਾਂ ਸਿੰਘਣੀਆਂ ਦਾ ਅਸੀਂ ਅਰਦਾਸੇ ਵਿਚ ਹਰ ਰੋਜ਼ ਜ਼ਿਕਰ ਕਰਦੇ ਹਾਂ, ਜਿਹਨਾਂ ਆਪਣੇ ਬੱਚਿਆਂ ਨੂੰ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਉਹਨਾਂ ਸਿੰਘਣੀਆਂ ਦਾ ਦੋਸ਼ ਹੀ ਇਹ ਸੀ ਕਿ ਉਹ ਸਿੰਘਾਂ ਵਾਂਗ ਨਿਖੜਵੇਂ ਤਿਆਰ-ਬਰ-ਤਿਆਰ ਸਰੂਪ ਦੀਆਂ ਧਾਰਨੀ ਸਨ। ਜੇ ਉਹ ਦੂਜੀਆਂ ਇਸਤ੍ਰੀਆਂ ਵਾਂਗ ਹੀ ਹੁੰਦੀਆਂ ਤਾਂ ਉਨ੍ਹਾਂ ਦੀ ਪਛਾਣ ਹੀ ਕਿਸ ਨੂੰ ਹੋ ਸਕਣੀ ਸੀ ਤੇ ਫਿਰ ਆਮ ਪਕੜੀਆਂ ਭੀ ਨਹੀਂ ਸੀ ਜਾਣੀਆਂ। ਸਿੰਘਾਂ ਦੇ ਸਿਰਾਂ ਦੇ ਜਦੋਂ ਮੁੱਲ ਪੈਣ ਲਗੇ, ਉਸ ਸਮੇਂ ਸਿੰਘਣੀਆਂ ਦੇ ਸਿਰ ਵੱਢ ਕੇ ਦੁਸ਼ਟ ਲੋਕ ਮੁੱਲ ਵਸੂਲ ਕੀਤਾ ਕਰਦੇ ਸਨ। ਜੇ ਸਿੰਘਣੀਆਂ ਦੇ ਸਰੂਪ ਸਿੰਘਾਂ ਨਾਲੋਂ ਵੱਖਰੇ ਹੁੰਦੇ ਤਾਂ ਅਜਿਹਾ ਕਿਵੇਂ ਹੁੰਦਾ ?

ਸਿੱਖ ਧਰਮ ਦੇ ਇਤਿਹਾਸ ਤੋਂ ਪ੍ਰਗਟ ਹੈ ਕਿ ਇਸਤ੍ਰੀ ਨੂੰ ਨਾਮ ਜਪਣ, ਸੰਗਤ ਦੀ ਸੇਵਾ ਕਰਨ ਅਤੇ ਬਾਣੀ ਰਾਹੀਂ ਹੋਰ ਪ੍ਰਾਣੀਆਂ ਨੂੰ ਪ੍ਰੇਰਨਾ ਦੇ ਕੇ ਗੁਰ ਚਰਨਾਂ ਵਿਚ ਲਗਾਉਣ ਦਾ ਸੁਭਾਗ ਮਨੁੱਖਾਂ ਵਾਂਗ ਬਰਾਬਰ ਹੀ ਹਾਸਲ ਹੁੰਦਾ ਰਿਹਾ ਹੈ। ਗੁਰੂ ਨਾਨਕ ਜੀ ਦੀ ਭੈਣ ਬੇਬੇ ਨਾਨਕੀ ਜੀ ਹੀ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਵੀਰ ਅੰਦਰ ਅਗੰਮੀ ਰੂਹ ਅਨੁਭਵ ਕੀਤੀ ਸੀ। ਜੇ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਦੀ ਸੇਵਾ ਇਤਿਹਾਸਕ ਗੌਰਵਤਾ ਭਰੀ ਹੈ ਤਾਂ ਬੀਬੀ ਅਮਰੋ ਜੀ ਦਾ ਗੁਰਬਾਣੀ ਪੜ੍ਹਨ ਅਤੇ ਨਾਮ ਜਪਣ ਦਾ ਸੁੰਦਰ ਵਰਨਣ ਵੀ ਸਾਡੇ ਇਤਿਹਾਸਕ ਗ੍ਰੰਥਾਂ ਵਿਚ ਲਿਖਿਆ ਮਿਲਦਾ ਹੈ। ਗੁਰੂ ਅਮਰਦਾਸ ਜੀ ਦੇ ਕੰਨਾਂ ਨੇ ਸਭ ਤੋਂ ਪਹਿਲਾਂ ਜੇ ਕਿਸੇ ਤੋਂ ਬਾਣੀ ਦੀਆਂ ਧੁਨਾਂ ਸੁਣੀਆਂ


www.AKJ.Org

ਤੇ ਉਸ ਕਾਰਨ ਗੁਰੂ-ਘਰ ਵੱਲ ਖਿੱਚ ਪੈਣ ਦੀ ਗੱਲ ਚਲੀ ਤਾਂ ਉਹ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦੇ ਰਸੀਲੇ ਗਲੇ ਤੋਂ ਗਾਇਆ ਜਾਣ ਵਾਲਾ ਸ਼ਬਦ ਹੀ ਸੀ। ਇਸੇ ਤਰ੍ਹਾਂ ਹੀ ਸਤਿਕਾਰ ਯੋਗ ਬੀਬੀ ਭਾਨੀ ਜੀ ਅਤੇ ਹੋਰ ਮਾਤਾਵਾਂ ਦੀਆਂ ਸੇਵਾਵਾਂ ਵੀ ਆਪੋ ਆਪਣੀ ਥਾਂ ਮਹਾਨਤਾ ਰੱਖਦੀਆਂ ਹਨ, ਜਿਨ੍ਹਾਂ ਵਿਚੋਂ ਮਾਤਾ ਸਾਹਿਬ ਕੌਰਾਂ ਅਤੇ ਮਾਤਾ ਸੁੰਦਰੀ ਜੀ ਦੇ ਖਾਲਸਾ ਪ੍ਰਤੀ ਲਿਖੇ ਹੁਕਮਨਾਮੇ ਵੀ ਮਿਲਦੇ ਹਨ। ਉਨ੍ਹਾਂ ਹੁਕਮਨਾਮਿਆਂ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਮਾਤਾਵਾਂ ਖਾਲਸਾ ਪੰਥ ਨੂੰ ਅਗਵਾਈ ਦਿੰਦੀਆਂ ਸਨ ਅਤੇ ਪੰਥ ਖਾਲਸਾ ਅਗਵਾਈ ਮੰਨਦਾ ਸੀ।

ਉਨ੍ਹਾਂ ਸਿਦਕੀ ਅਤੇ ਪ੍ਰੇਮ-ਭਰੀਆਂ ਮਹਾਨ ਸ਼ਖਸੀਅਤਾਂ ਤੋਂ ਇਲਾਵਾ ਜਿਨ੍ਹਾਂ ਨੇ ਗੁਰੂ-ਸ਼ਰਧਾ ਵਿਚ ਲੀਨ ਹੋ ਕੇ 'ਪਰਮ-ਪਦ' ਪ੍ਰਾਪਤ ਕਤਾ, ਅਜਿਹੀਆਂ ਬੀਬੀਆਂ ਤੇ ਸਤਿਕਾਰ ਯੋਗ ਮਾਤਾਵਾਂ ਦਾ ਜ਼ਿਕਰ ਵੀ ਏਥੇ ਆਪਣੇ ਆਪ ਆ ਜਾਂਦਾ ਹੈ, ਜਿਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ਸਿੱਖੀ ਪ੍ਰਚਾਰ ਲਈ ਬਵੰਜਾ ਪੀੜ੍ਹੇ ਬਖਸ਼ ਕੇ ਅਤੇ ਸੰਗਤ ਨੂੰ ਗੁਰਦੀਖਿਆ ਲੈਣ ਲਈ ਗੁਰੂ ਘਰ ਲਿਆਉਣ ਦੀ ਸੇਵਾ ਬਖਸ਼ੀ ਸੀ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਸਿੱਖ ਧਰਮ ਵਿਚ ਨਾ ਸਿਰਫ਼ ਬੀਬੀਆਂ ਨੂੰ ਇਹੋ ਅਧਿਕਾਰ ਪ੍ਰਾਪਤ ਹੈ ਕਿ ਉਹ ਗੁਰਸਿੱਖਾਂ ਵਾਂਗ ਨਾਮ ਜਪਣ ਤੇ ਜਪਾਉਣ ਦਾ ਹੱਕ ਰੱਖਦੀਆਂ ਸਨ, ਸਗੋਂ ਉਨ੍ਹਾਂ ਵਲੋਂ ਪ੍ਰੇਰਨਾ ਕਰਕੇ ਨਾਮ ਜਪਾਉਣ ਦੀ ਸੇਵਾ ਵੀ ਸਤਿਗੁਰੂ ਜੀ ਵਲੋਂ ਖ਼ੁਦ ਲਗਾਈ ਗਈ ਸੀ। ਵਿਲੱਖਣ ਸਰੂਪ ਹੋਣ ਕਰਕੇ ਹੀ ਉਨ੍ਹਾਂ ਨੂੰ ਫੜ ਕੇ ਮੀਰ ਮੰਨੂ ਦੇ ਜ਼ੁਲਮਾਂ ਦੇ ਭਠ ਵਿਚ ਝੋਕਿਆ ਗਿਆ, ਉਹ ਦੂਜੀਆਂ ਵਿਚ ਰਲ ਮਿਲ ਕੇ ਛੁਪੀਆਂ ਨਹੀਂ, ਨਾ ਹੀ ਛੁਪਣ ਵਾਲੀਆਂ ਸੂਰਤਾਂ ਸਨ, ਕਿਉਂਕਿ ਅੰਮ੍ਰਿਤ-ਧਾਰੀ ਤੇ ਸਿਦਕੀ ਸਨ, ਤਦੇ ਹੀ ਤਾਂ ਉਨ੍ਹਾਂ ਦਾ ਸਿੱਖੀ ਸਿਦਕ ਕਸ਼ਟਾਂ, ਤਸੀਹਿਆਂ ਅਤੇ ਨੇਜ਼ਿਆਂ ਤੇ ਪਰਖਿਆ ਗਿਆ। ਯਕੀਨਨ ਹੀ ਜੇ ਉਹ ਸਿੰਘਣੀਆਂ ਵਿਲੱਖਣ ਸਰੂਪ ਅਤੇ ਖੰਡੇ ਦੇ ਅੰਮ੍ਰਿਤ ਦੀਆਂ ਧਾਰਨੀ ਨ ਹੁੰਦੀਆਂ ਤਾਂ ਇਹ ਕੁਝ ਬਿਲਕੁਲ ਹੀ ਨਾ ਵਾਪਰਦਾ, ਨਾ ਅਰਦਾਸ ਵਿਚ ਅਸੀਂ ਅੱਜ ਉਨ੍ਹਾਂ ਨੂੰ ਯਾਦ ਕਰਦੇ।

ਉਸ ਤੋਂ ਬਾਅਦ ਦੇ ਸਮੇਂ ਵਿਚ ਜਿਹੜੀਆਂ ਸਿੰਘਣੀਆਂ ਐਸ਼ਵਰਜ ਵਿਚ ਪਏ ਹੋਏ ਰਾਜਿਆਂ ਰਜਵਾੜਿਆਂ ਦੀਆਂ ਰਾਣੀਆਂ ਅਤੇ ਵਜ਼ੀਰਾਂ ਦੀਆਂ ਸਾਥਣਾਂ ਬਣੀਆਂ, ਉਹ ਭਾਵੇਂ ਕਿਸੇ ਰੂਪ ਦੀਆਂ ਧਾਰਨੀ ਹੋਣ, ਸਾਡਾ ਉਨ੍ਹਾਂ ਨਾਲ ਕੋਈ ਸਰੋਕਾਰ ਨਹੀਂ, ਚੂੰਕਿ ਉਹ ਐਸ਼ਵਰਜ ਵਿਚ ਪਏ ਅਮੀਰਾਂ ਦੇ ਹੱਥਾਂ ਦੀਆ ਗੁਡੀਆਂ ਸਨ। ਫਿਰ ਵੀ ਅਜਿਹੇ ਸਮਿਆਂ ਉਤੇ ਸਿੰਘਣੀਆਂ ਦਾ ਕਾਲ ਨਹੀਂ ਸੀ ਪਿਆ। ਰਾਣਾ ਸੂਰਤ ਸਿੰਘ ਦੀ ਨਾਇਕਾ ਰਾਣੀ ਰਾਜ ਕੌਰ ਦੀ ਤਸਵੀਰ ਜੋ ਬਣਾਈ ਗਈ ਤੇ ਕਵਿਤਾ ਵਿਚ ਦਰਸਾਈ ਗਈ ਹੈ, ਉਹ ਸਿੰਘਣੀਆਂ ਵਾਲੀ ਸੀ, ਨਾ ਕਿ ਨਖਰੇ ਵਾਲੀਆਂ ਰਾਣੀਆਂ ਵਾਲੀ। ਰਾਜ-ਭਾਗ ਦੀ ਐਸ਼ ਦੇ ਗਏ ਗੁਜ਼ਰੇ ਜ਼ਮਾਨੇ ਵਿਚ ਵੀ ਬੀਬੀ ਸਾਹਿਬ ਕੌਰ ਵਰਗੀਆਂ ਨੇ ਜੋ ਕਰਤੱਵ ਦਿਖਾਏ ਉਹ ਤਦੇ ਹੀ ਦਿਖਾਏ ਜਾ ਸਕਦੇ ਸਨ, ਜਦ ਕਿ ਉਨ੍ਹਾਂ ਨੇ ਰਾਣੀਆਂ ਬਣਨ ਦੀ ਥਾਂ ਗੁਰਸਿੱਖ ਬਣ ਕੇ ਮੈਦਾਨ ਵਿਚ ਉਤਰਨਾ ਪਸੰਦ ਕੀਤਾ।

ਸਿੰਘ ਸਭਾ ਲਹਿਰ ਤੋਂ ਪਹਿਲਾਂ ਬਾਬਾ ਰਾਮ ਸਿੰਘ ਜੀ ਵਲੋਂ ਬੀਬੀਆਂ ਨੂੰ ਮੁੜ ਅੰਮ੍ਰਿਤ ਛਕਾਣ ਦੀ ਗੱਲ ਚਲਦੀ ਹੈ, ਪਰ ਉਸ ਸਮੇਂ ਪੁਜਾਰੀ ਏਨੇ ਨਿੱਘਰ ਗਏ ਹੋਏ ਸਨ ਕਿ ਉਨ੍ਹਾਂ ਨੇ ਬਾਬਾ ਰਾਮ ਸਿੰਘ ਜੀ ਤੇ ਇਕ ਦੋਸ਼ ਇਹ ਵੀ ਲਾਇਆ ਕਿ ਉਹ ਸਿੱਖਣੀਆਂ ਨੂੰ ਕੱਛਾ ਪੁਆਂਦੇ ਤੇ ਅੰਮ੍ਰਿਤ ਛਕਾਉਂਦੇ ਹਨ।

ਸਿੰਘ ਸਭਾ ਲਹਿਰ ਨੇ ਮੁੜ ਪੁਰਾਣੀ ਰੀਤ ਨੂੰ ਸੁਰਜੀਤਾ ਕੀਤਾ ਅਤੇ ਸਿੱਖ ਇਸਤ੍ਰੀਆਂ ਨੂੰ ਅੰਮ੍ਰਿਤ ਛਕਾ ਕੇ ਭਰਾਵਾਂ ਵਾਂਗ ਨਾਮ ਜਪਣ ਦਾ ਹੱਕ ਮੁੜ ਬਹਾਲ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਧਾਮਾਂ ਉਪਰ ਜੋ ਪੰਥਕ ਪ੍ਰਬੰਧ ਹੇਠ ਆਏ, ਇਹੋ ਪੁਰਾਤਨ ਰੀਤ ਬਹਾਲ ਕੀਤੀ ਜਾ ਚੁਕੀ ਹੋਈ ਹੈ।

ਪਰ ਅਤਿਅੰਤ ਅਫ਼ਸੋਸ ਦੀ ਗੱਲ ਹੈ ਕਿ ਬ੍ਰਾਹਮਣ-ਵਾਦ ਦੇ ਪ੍ਰਭਾਵ ਹੇਠ ਕਈ ਸਿੱਖ ਸੰਪਰਦਾਵਾਂ ਤੇ ਮੁਖ



www.AKJ.Org

ਧਾਮਾਂ ਉਤੇ ਅਜੇ ਤਕ ਇਸ ਮਰਯਾਦਾ ਤੇ ਮੁੜ ਅਮਲ ਨਹੀਂ ਸ਼ੁਰੂ ਹੋਇਆ, ਜਿਨ੍ਹਾਂ ਦਾ ਅਫ਼ਸੋਸ ਨਾਲ ਜ਼ਿਕਰ ਕਰਨਾ ਪੈਂਦਾ ਹੈ। ਕਈ ਪ੍ਰਮੁਖ ਧਾਮਾਂ ਤੇ ਤਾਂ ਸਿੱਖ ਇਸਤ੍ਰੀਆਂ ਕੀਰਤਨ ਵੀ ਨਹੀਂ ਕਰ ਸਕਦੀਆਂ। ਪਰ ਇਸ ਵੇਲੇ ਸਭ ਤੋਂ ਵਧੇਰੇ ਮਸਲਾ ਤਖਤ ਸ੍ਰੀ ਹਜ਼ੂਰ ਸਾਹਿਬ ਦਾ ਹੈ, ਜਿਥੇ ਅੰਮ੍ਰਿਤ ਛਕਣ ਦੀਆਂ ਅਭਿਲਖੀ ਬੀਬੀਆਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਘਟੀਆਂ ਸਮਝ ਕੇ ਪੁਜਾਰੀਆਂ ਵਿਚੋਂ ਕਿਸੇ ਸ਼ਖਸ ਤੋਂ ਹੀ ਕਿਰਪਾਨ ਨਾਲ ਪੰਜਾਂ ਸਤਾਂ ਮਿੰਟਾਂ ਵਿਚ ਆਪਣੀ ਕਿਸਮ ਦੇ ਬਣਾਏ 'ਜਲ' ਨੂੰ ਅੰਮ੍ਰਿਤ ਸਮਝ ਕੇ ਛਕ ਲੈਣ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਹ ਮਨਮਤੀ ਮਰਯਾਦਾ ਜਿਥੇ ਗੁਰਸਿੱਖ ਇਸ਼ਤ੍ਰੀਆਂ ਦੀ ਤੌਹੀਨ ਹੈ, ਉਥੇ ਸਿੱਖ ਸੰਸਾਰ ਲਈ ਇਕ ਚਨੌਤੀ ਹੈ, ਜੋ ਇਸਤ੍ਰੀਆਂ ਦੇ ਅਧਿਕਾਰਾਂ ਦੀ ਬਰਾਬਰੀ ਦਾ ਦਾਹਵੇਦਾਰ ਹੈ।

ਕੀ ਸਿੱਖ ਇਸਤ੍ਰੀਆਂ ਜਿਸ ਨੂੰ 'ਅਰਧ ਸਰੀਰੀ ਮੋਖ ਦੁਆਰੀ' ਤੇ ਹਰ ਖੇਤਰ ਵਿਚ ਬਰਾਬਰ ਦੇ ਅਧਿਕਾਰੀ ਮੰਨਿਆ ਗਿਆ ਹੈ, ਨਾਮ ਜਪਣ ਦੀਆਂ ਅਧਿਕਾਰੀ ਨਹੀਂ? ਜੇ ਅਧਿਕਾਰੀ ਹੈਨ ਤਾਂ ਉਸ ਨੂੰ ਪੰਜਾਂ ਪਿਆਰਿਆਂ ਦੀ ਥਾਂ ਇਕ ਵਿਅਕਤੀ ਜਾਂ ਪੁਜਾਰੀ ਤੋਂ ਰਸਮ ਜਿਹੀ ਕਰਵਾ ਕੇ ਕਿਉਂ ਵਿਤਕਰਾ ਕੀਤਾ ਜਾਂਦਾ ਹੈ? ਸਪੱਸ਼ਟ ਹੈ ਉਥੇ ਸਿੰਘਣੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਸਖਣਾ ਰਖਿਆ ਜਾਂਦਾ ਹੈ। ਇਕ ਮੰਨੇ-ਪ੍ਰਮੰਨੇ ਗੁਰਧਾਮ ਦੀ ਇਸ ਭਾਂਤ ਦੀ ਵਿਤਕਰੇ-ਭਰੀ ਮਰਯਾਦਾ ਗੁਰੂ ਸਾਹਿਬ ਦੇ 'ਸੋ ਕਿਉਂ ਮੰਦਾ ਆਖੀਐ' ਦੇ ਹੁਕਮਾਂ ਦੀ ਉਲੰਘਣਾ ਹੈ, ਸਿੱਖ ਇਸਤ੍ਰੀ ਦੇ ਬਰਾਬਰਤਾ ਦੇ ਹੱਕਾਂ ਤੇ ਛਾਪਾ ਹੈ।

ਸਮੂੰਹ ਸਿੱਖ ਪੰਥ ਪਾਸ ਦਰਦਨਾਕ ਅਪੀਲ ਹੈ ਕਿ ਸਿੱਖ ਧਰਮ ਦੇ ਪ੍ਰਚਾਰਕ ਅਤੇ ਲੀਡਰ, ਜਿਹੜੇ ਸਿੱਖ ਇਸਤ੍ਰੀ ਨੂੰ ਹਰ ਖੇਤਰ ਵਿਚ ਬਰਾਬਰ ਹੋਣ ਦੇ ਦਾਹਵੇ ਕਰਦੇ ਹਨ, ਮੈਦਾਨ ਵਿਚ ਨਿਤਰਨ ਅਤੇ ਸ੍ਰੀ ਹਜ਼ੂਰ ਸਾਹਿਬ ਜਿਹੇ ਪਵਿੱਤਰ ਧਾਮ ਦੀਆਂ ਮਨਮਤੀ ਕਾਰਵਾਈਆਂ, ਪੁਜਾਰੀ-ਵਾਦ ਤੇ ਗੁਰੂ-ਡੰਮ ਬੰਦ ਕਰਨ ਲਈ ਪੂਰਾ ਪੂਰਾ ਜ਼ੋਰ ਲਾ ਕੇ ਗੁਰਮਤਿ ਅਨੁਸਾਰ ਰਹੁ-ਰੀਤਾਂ ਜਾਰੀ ਕਰਵਾਉਣ ਦੇ ਨਿੱਗਰ ਜਤਨ ਤੇ ਉਪਾਉ ਕਰਨ।

---

[ ੧੧ ਸਫ਼ੇ ਦੀ ਬਾਕੀ ]

**ਮੂਲ ਪਾਠ :—ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥ ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ॥੨੭॥**

**ਸ਼ਬਦਾਰਥ** :—ਸੋਖੰ = ਸੁਕਾਣ ਵਾਲਾ, ਨਾਸ ਕਰਨ ਵਾਲਾ। ਪੋਖੰ = ਪਾਲਣਾ ਕਰਨ ਵਾਲਾ। ਸਰਬ ਕਰਤਾ = ਸਭ ਦਾ ਰਚਨਹਾਰ। ਸਰਬ ਹਰਤਾ = ਸਭ ਦਾ ਨਾਸ ਕਰਨ ਵਾਲਾ।

**ਕਾਵਿ ਭਾਵਾਰਥ :—**

ਸਭਨਾਂ ਤਾਈ ਹੈਂ ਤੂੰਹੀਓਂ ਸੁਕਾਉਣ ਵਾਲਾ, ਨਾਸ ਕਰੇਂ ਸਭ ਨੂੰ ਹੇ ਦਾਤਾਰ ਪ੍ਰੀਤਮ!
ਹਰ ਇਕ ਜੀਵ ਦੀ ਪਾਲਨਾ ਕਰੇਂ ਤੂੰ ਹੀ, ਨਮਸਕਾਰ ਤੈਨੂੰ ਪਾਲਣਹਾਰ ਪ੍ਰੀਤਮ!
ਰਚਨਹਾਰ ਸਭ ਦਾ, ਤੂੰ ਕਰਤਾਰ ਸਭ ਦਾ, ਦਾਤਾ ਤੈਨੂੰ ਹੀ ਹੈ ਨਮਸਕਾਰ ਮੇਰੀ।
ਹਰਤਾ ਸਭਸ ਦਾ, ਕਰੇਂ ਵਿਨਾਸ਼ ਤੂੰ ਹੀ, ਦਾਤਾ ਤੈਨੂੰ ਹੀ ਹੈ ਨਮਸਕਾਰ ਮੇਰੀ।

**ਮੂਲ ਪਾਠ :—ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥ ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥**

**ਸ਼ਬਦਾਰਥ** :—ਜੋਗ = ਜੋਗੀ, ਤਿਆਗੀ। ਭੋਗ = ਪਦਾਰਥਾਂ ਦਾ ਭੋਗਣ ਵਾਲਾ, ਗ੍ਰਿਹਸਤੀ।

**ਕਾਵਿ ਭਾਵਾਰਥ :—**

ਤੂੰ ਅਤੀਤ ਨਿਰਲੇਪ ਮਹਾਨ ਜੋਗੀ, ਜੋਗੀ-ਰਾਜ! ਤੈਨੂੰ ਨਮਸਕਾਰ ਕਰਨਾਂ।
ਹੈਂ ਗ੍ਰਿਹਸਤੀ ਤੂੰ ਵਡਾ, ਗ੍ਰਿਹਸਤੀਆਂ ਵਿਚ, ਭੋਗੀ ਦਾਤਿਆ! ਮੈਂ ਨਮਸਕਾਰ ਕਰਨਾਂ।
ਤੈਨੂੰ ਨਮੋ, ਹੇ ਸਭ ਦੇ ਦਿਆਲ ਪ੍ਰੀਤਮ, ਪੁੰਜ ਦਿਆਲਤਾ ਦੇ ਤੂੰ ਦਾਤਾਰ ਪਿਆਰੇ।
ਹਰ ਇਕ ਜੀਵ ਦਾ, ਪ੍ਰਾਣੀ ਦਾ ਤੂੰਹੀਓਂ ਪਾਲਕ, ਪਾਲਣਹਾਰ! ਤੈਨੂੰ ਨਮਸਕਾਰ ਪਿਆਰੇ। [ਚਲਦਾ]

www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਨਿਵਾਸੀ

[ਵਲੋਂ :— ਸਾਰੰਗ ਜੀ, ਕਪੂਰਥਲਾ]

ਭਾਈ ਤਾਰਾ ਸਿੰਘ ਜੀ ਵਾਂ ਪਿੰਡ ਦੇ ਵਸਨੀਕ ਸਨ। ਆਪ ਦੇ ਪਿਤਾ ਭਾ: ਗੁਰਦਾਸ ਸਿੰਘ ਜੀ ਨੇ ਸ੍ਰੀ ਦਸਮੇਸ਼ ਜੀ ਦੇ ਸਮੇਂ ਅੰਮ੍ਰਿਤ ਛਕਿਆ, ਸਿੰਘਾਂ ਵਿਚ ਸ਼ਾਮਲ ਹੋ ਕੇ ਦਸਮੇਸ਼ ਜੀ ਦੇ ਸਮੇਂ ਭੀ ਅਤੇ ਉਸ ਤੋਂ ਮਗਰੋਂ ਬੰਦਾ ਸਿੰਘ ਜੀ ਬਹਾਦਰ ਨਾਲ ਰਲ ਕੇ ਮਾਝੇ ਦੀਆਂ ਲੜਾਈਆਂ ਵਿਚ ਬਹੁਤ ਸਾਰਾ ਹਿੱਸਾ ਪਾਇਆ।

ਭਾਈ ਗੁਰਦਾਸ ਸਿੰਘ ਜੀ ਦੇ ਪੰਜ ਪੁੱਤਰ ਸਨ। ਸਭ ਤੋਂ ਵੱਡਾ ਪੁੱਤਰ ਸੀ ਭਾਈ ਤਾਰਾ ਸਿੰਘ। ਭਾ: ਤਾਰਾ ਸਿੰਘ ਵਿਚ ਸਿੱਖੀ ਜਜ਼ਬਾ ਅਤੇ ਪੰਥ ਲਈ ਕੁਰਬਾਨੀ ਕਰਨ ਦਾ ਉਤਸ਼ਾਹ ਆਪਣੇ ਪਿਤਾ ਤੋਂ ਪ੍ਰਾਪਤ ਹੋਇਆ ਸੀ। ਆਪਣੇ ਖੇਤਾਂ ਵਿਚ ਹੀ ਇਕ ਬਹੁਤ ਵੱਡਾ ਵਾੜਾ ਵਲਿਆ ਹੋਇਆ ਸੀ। ਉਸ ਸਮੇਂ ਇਸ ਇਲਾਕੇ ਵਿਚ ਜੰਡ ਅਤੇ ਕਰੀਰਾਂ ਬਹੁਤ ਉਗਦੀਆਂ ਸਨ। ਸੋ ਇਨ੍ਹਾਂ ਰੁਖਾਂ ਨਾਲ ਹੀ ਵਾੜੇ ਨੂੰ ਇਕ ਬਹੁਤ ਹੀ ਮਜ਼ਬੂਤ ਕੁਦਰਤੀ ਕਿਲ੍ਹਾ ਜਿਹਾ ਬਣਾਇਆ ਹੋਇਆ ਸੀ। ਇਸ ਅੰਦਰ ਜਾਣ ਦਾ ਕੇਵਲ ਇਕੋ ਹੀ ਰਸਤਾ ਸੀ। ਅੰਦਰ ਕੁਝ ਕੁੱਲੀਆਂ ਛਨਾਂ ਜਹੀਆਂ ਪਾਈਆਂ ਹੋਈਆਂ ਸਨ। ਇਸ ਦੇ ਅਹਾਤੇ ਵਿਚ ਕਾਫ਼ੀ ਵੱਡਾ ਸਾਰਾ ਟੋਆ ਬਣਾਇਆ ਹੋਇਆ ਸੀ, ਜਿਸ ਵਿਚ ਚੜ੍ਹਦੇ ਸਿਆਲ ਵਡੇ ਵਡੇ ਜੰਡਾਂ ਦੇ ਮੁਢ ਸੁਟ ਕੇ ਅੱਗ ਲਾ ਦਿੱਤੀ ਜਾਂਦੀ। ਇਸ ਨਾਲ ਇਹ ਅੰਗੀਠਾ ਇਕ ਵਾਰ ਦਾ ਮਘਿਆ ਹੋਇਆ ਸਾਰਾ ਸਿਆਲ ਠੰਢਾ ਨਾ ਹੋਣ ਦਿੱਤਾ ਜਾਂਦਾ।

ਦਰ ਅਸਲ ਇਹ ਸਿੰਘਾਂ ਦੇ ਲੁਕਣ ਦੀ ਥਾਂ ਵੀ ਸੀ, ਤੇ ਦੁਸ਼ਟਾਂ ਦੋਖੀਆਂ ਤੇ ਮਾਰ ਧਾੜ ਕਰ ਕੇ ਆਉਂਦੇ ਜਾਂਦੇ ਸਿੰਘ ਸਿਆਲਾਂ ਵਿਚ ਰੈਨ-ਬਸੇਰਾ ਅੱਗ ਦੇ ਕਿਨਾਰੇ ਕਰਦੇ, ਨਾਲੇ ਇਥੇ ਹੀ ਉਨ੍ਹਾਂ ਦੀ ਲੰਗਰ-ਪ੍ਰਸ਼ਾਦ ਦੀ ਸੇਵਾ ਭੀ ਬੜੇ ਪਿਆਰ ਨਾਲ ਹੁੰਦੀ। ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਿੰਘ ਪ੍ਰਸ਼ਾਦ ਪਾਣੀ ਛਕ ਕੇ ਕਿਸੇ ਹੋਰ ਜ਼ਾਲਮ ਸ਼ਿਕਾਰ ਦੇ ਮਗਰ ਪੈ ਜਾਂਦੇ। ਇਹ ਸਮਾਂ ਬੰਦਾ ਸਿੰਘ ਬਹਾਦਰ ਦੇ ਮਗਰੋਂ ਦਾ ਹੈ, ਜਦੋਂ ਲਾਹੌਰ ਦੇ ਸੂਬੇ ਨੇ ਸਿੱਖਾਂ ਉਤੇ ਸਖ਼ਤੀ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਅਤੇ ਸਿਖਾਂ ਨੂੰ ਸਰਕਾਰ ਬਾਗੀ ਸਮਝਦੀ ਸੀ, ਕਿਉਂਕਿ ਦੁੱਰਾਨੀ ਦੇ ਸ਼ਬਦਾਂ ਵਿਚ "ਇਨ੍ਹਾਂ ਦੇ ਮੂੰਹ ਵਿਚੋਂ ਰਾਜ ਕਰਨ ਦੀ ਬੂ ਆਉਂਦੀ ਸੀ।

ਭਾਈ ਤਾਰਾ ਸਿੰਘ ਜੀ ਬੜੇ ਦਲੇਰ ਅਤੇ ਖਾੜਕੂ ਸਿੰਘ ਸਨ। ਆਏ ਗਏ ਸਿੰਘ ਲਈ ਠਾਹਰ ਬਣਾ ਕੇ ਰਖਣਾ, ਤੇ ਖੁਲ੍ਹੇ ਆਮ ਲੰਗਰ ਪਾਣੀ ਦੀ ਸੇਵਾ ਕਰਨਾ, ਅਜਿਹੇ ਹਾਲਾਤ ਵਿਚ ਬੜੀ ਜੁਰਅਤ ਦਾ ਕੰਮ ਸੀ। ਆਉਂਦੇ ਜਾਂਦੇ ਜੱਥੇ, ਇਨ੍ਹਾਂ ਦੇ ਲੰਗਰ ਲਈ ਮਾਇਆ ਅਰਦਾਸ ਕਰਾਂਦੇ ਤੇ ਇਉਂ ਇਹ ਲੰਗਰ ਸਦਾ ਹੀ ਚਲਦਾ ਰਹਿੰਦਾ।

ਸੰਨ ੧੭੩੨ ਈਸਵੀ ਦੀ ਗੱਲ ਹੈ, ਇਸੇ ਇਲਾਕੇ ਦੇ ਦੋ ਸਿੰਘਾਂ ਦਾ ਮਾਲੀ ਸਿੰਘ ਅਤੇ ਗੁਰਬਖਸ਼ ਸਿੰਘ ਦਾ ਇਲਾਕੇ ਦੇ ਚੌਧਰੀ ਸਾਹਿਬ ਰਾਏ ਨਾਲ ਫ਼ਸਾਦ ਹੋ ਗਿਆ। ਉਸ ਸਮੇਂ ਦਾ 'ਚੌਧਰੀ' ਮੁਗ਼ਲ ਸਰਕਾਰ ਦਾ ਕਾਫ਼ੀ ਮਾਨ-ਪ੍ਰਾਪਤ ਅਹੁਦਾ ਸੀ, ਜੋ ਅਜਕਲ ਦੇ ਡਿਪਟੀ ਕਮਿਸ਼ਨਰ ਦੇ ਰੁਤਬੇ ਦੇ ਬਰਾਬਰ ਸੀ। ਸੋ ਚੌਧਰੀ ਨਾਲ ਵੈਰ ਪਾਉਣਾ ਮੌਤ ਨੂੰ ਹੀ ਸੱਦਾ ਦੇਣਾ ਸੀ।

ਚੌਧਰੀ ਜਾਣ ਬੁਝ ਕੇ ਸਿੰਘਾਂ ਨਾਲ ਇਟ-ਖੜੱਕਾ ਰਖਦਾ ਸੀ। ਉਹ ਮੁਗ਼ਲ-ਨਿਵਾਜ਼ ਸੀ। ਸਿੰਘਾਂ ਦੀਆਂ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਛਡ ਛਡਦਾ ਸੀ, ਜਿਸ ਨਾਲ ਚੋਖਾ ਨੁਕਸਾਨ ਹੁੰਦਾ। ਖੇਤੀ ਵੀਰਾਨ ਹੁੰਦਿਆਂ ਵੇਖ ਕੇ ਚੌਧਰੀ ਨੂੰ ਘੋੜੇ ਸਾਂਭ ਕੇ ਰਖਣ ਲਈ ਜਦੋਂ ਕਿਹਾ ਤਾਂ ਅਗੋਂ ਚੌਧਰੀ ਲੋਹਾ ਲਾਖਾ ਹੋ ਕੇ ਬੋਲਿਆ, "ਮੈਂ ਅਜ ਤਕ ਤੁਹਾਡਾ ਲਿਹਾਜ਼ ਕਰਦਾ ਰਿਹਾ ਹਾਂ, ਤੇ ਤੁਸਾਂ ਨੂੰ ਕਤਲ ਨਹੀਂ ਕਰਵਾਇਆ। ਭਲਾ ਹੁਣ ਸਹੀ। ਮੈਂ ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਇਨ੍ਹਾਂ ਘੋੜਿਆਂ ਨੂੰ ਬੰਨ੍ਹਾਂਗਾ।"



www.AKJ.Org

ਦੋਹਾਂ ਸਿੰਘਾਂ ਦੇ ਸਾਹਮਣੇ ਹੁਣ ਦੋ ਹੀ ਰਸਤੇ ਸਨ : ਚੌਧਰੀ ਸਾਹਿਬ ਰਾਏ ਦੇ ਗੋਡੀਂ ਹਥ ਲਾ ਕੇ ਬੇਅਣਖੀ ਦਾ ਜੀਵਨ ਬਤੀਤ ਕਰਨ ਜਾਂ ਫਿਰ ਅਣਖੀ ਬਣ ਕੇ ਸਾਹਿਬ ਰਾਏ ਨਾਲ ਦੋ ਦੋ ਹੱਥ ਹੀ ਕਰ ਲੈਣ। ਦੂਜੀ ਤਰਕੀਬ ਇਨਾਂ ਸਿੰਘਾਂ ਦੇ ਬਹੁਤ ਹੀ ਪਸਿੰਦ ਆਈ। ਉਨ੍ਹਾਂ ਨੇ ਲਾਗੇ ਦੇ ਪਿੰਡ ਦੇ ਸਿੰਘਾਂ, ਭਾਈ ਅਮਰ ਸਿੰਘ ਤੇ ਭਾਈ ਬਘੇਲ ਸਿੰਘ ਨਾਲ ਸਲਾਹ ਕੀਤੀ ਕਿ ਆਖ਼ਰ ਕਦੋਂ ਤੀਕ ਸਿਰ ਸੁਟੀ ਚੌਧਰੀ ਦਾ ਜ਼ੁਲਮ ਸਹੀ ਜਾਵਾਂਗੇ, ਅੰਤ ਨੂੰ ਇਕ ਦਿਨ ਤਾਂ ਟਾਕਰਾ ਹੋਣਾ ਹੀ ਹੈ। ਆਪਣੇ ਬਾਲ-ਬੱਚਿਆਂ ਨੂੰ ਪੇਕ-ਘਰ ਘਲ ਦਿਤਾ, ਤਾਕਿ ਚੌਧਰੀ ਖੁਆਰ ਨਾ ਕਰੇ। ਚੌਧਰੀ ਦੀਆਂ ਘੋੜੀਆਂ ਫੜ ਕੇ ਭਾ: ਲਖਮੀਰ ਸਿੰਘ, ਜੋ ਮਾਝੇ ਦੇ ਮਸ਼ਹੂਰ ਰਸੇ-ਫੜ ਸੀ, ਨੂੰ ਦੇ ਆਏ। ਉਨ੍ਹਾਂ ਨੇ ਘੋੜੀਆਂ ਬਾਬਾ ਆਲਾ ਸਿੰਘ ਪਟਿਆਲਾ ਪਾਸ ਵੇਚ ਦਿੱਤੀਆਂ। ਤੇ ਇਸ ਵਟਕ ਦਾ ਰੁਪਿਆ ਭਾ: ਤਾਰਾ ਸਿੰਘ ਜੀ ਦੇ ਲੰਗਰ ਵਿਚ ਪਾ ਆਏ। ਭਾਈ ਲਖਮੀਰ ਸਿੰਘ ਨੇ ਘੋੜੀਆਂ ਸਮੇਤ ਇਕ ਪੜਾਅ ਭਾ: ਤਾਰਾ ਸਿੰਘ ਦੇ ਡੇਰੇ ਕੀਤਾ ਸੀ। ਸੋ ਜਦੋਂ ਚੌਧਰੀ ਪੈੜਾਂ ਨਪਦਾ ਨਪਦਾ ਤਾਰਾ ਸਿੰਘ ਜੀ ਦੇ ਡੇਰੇ ਆ ਗਿਆ ਤੇ ਕਹਿਣ ਲਗਾ, ਚੋਰਾਂ ਦੀਆਂ ਬਾਹਵਾਂ ਮੇਰੇ ਹੱਥ ਫੜਾਉ।

ਭਾ: ਤਾਰਾ ਸਿੰਘ ਨੇ ਪਹਿਲੀ ਭੇਟ ਵਿਚ ਹੀ ਖਰੀਆਂ ਖਰੀਆਂ ਸੁਣਾਈਆਂ ਤੇ ਚੌਧਰੀ ਨੂੰ ਜ਼ੁਲਮ ਕਰਨ ਤੋਂ ਵਰਜਿਆ। ਗੱਲ ਵਧ ਗਈ, ਤੇ ਜ ਚੌਧਰੀ ਉਥੋਂ ਖਿਸਕਦਾ ਨਾ ਤਾਂ ਸ਼ਾਇਦ ਥਾਂ ਹੀ ਮਾਰਿਆ ਜਾਂਦਾ। ਏਨ੍ਹੀਂ ਦਿਨੀਂ ਝਬਾਲ, ਨੁਸ਼ਿਹਰਾ ਪੰਨੂਆਂ ਤੇ ਨੁਸ਼ਹਿਰਾ ਸੰਧੂਆਂ ਦੇ ਚੌਧਰੀ, ਮਾਝੇ ਦੀ ਧੁੰਨੀ—'ਪੱਟੀ' ਜਾ ਕੇ ਟਕੇ ਤਾਰਿਆ ਕਰਦੇ ਸੀ। ਇਸ ਇਲਾਕੇ ਦਾ ਫ਼ੌਜਦਾਰ ਪੱਟੀ ਵਿਚ ਹੀ ਰਹਿੰਦਾ ਸੀ।

ਸੋ ਇਥੋਂ ਭਖਿਆ ਹੋਇਆ, ਸਾਹਿਬ ਰਾਏ ਸਿੱਧਾ ਹੀ ਪੱਟੀ ਆਇਆ। ਫ਼ੌਜਦਾਰ ਨੂੰ ਕਹਿਣ ਲਗਾ "ਅਸੀਂ ਜਿਥੇ ਕਿਤੇ ਵੀ ਮਾਮਲਾ ਉਗਰਾਹੁਣ ਜਾਂਦੇ ਹਾਂ, ਅਗੋਂ ਲੋਕੀਂ ਆਖਦੇ ਹਨ ਮਾਮਲਾ ਤਾਂ ਸਿੰਘ ਉਗਰਾਹ ਕੇ ਲੈ ਗਏ ਹਨ। ਅਸੀਂ ਕਿਥੋਂ ਦੇਈਏ।" ਇਹੋ ਜਿਹੀਆਂ ਮਸਾਲੇਦਾਰ ਗੱਲਾਂ ਕਹਿ ਕੇ ਉਸ ਨੂੰ ਭਾ: ਤਾਰਾ ਸਿੰਘ ਵਿਰੁਧ ਕਰੜੀ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਕਰ ਦਿਤਾ।

ਫ਼ੌਜਦਾਰ ਪੰਜਾਹ ਘੋੜ ਸਵਾਰ, ਅਤੇ ਅੱਸੀ ਪਿਆਦੇ ਨਾਲ ਲੈ ਕੇ ਰਾਤੋ-ਰਾਤ ਵਾਂ ਪਿੰਡ ਪਹੁੰਚ ਗਿਆ।

ਸਵਾ ਪਹਿਰ ਦਾ ਤੜਕਾ ਸੀ। ਭਾ: ਬਘੇਲ ਸਿੰਘ, ਇਕ ਹੱਥ ਗੜਵਾ, ਦੂਜੇ ਹੱਥ ਨੇਜ਼ਾ, ਅਤੇ ਗਾਤਰੇ ਸ੍ਰੀ ਸਾਹਿਬ ਪਾਈ ਜੰਗਲ-ਪਾਣੀ ਜਾਣ ਲਈ ਵਾੜਿਓਂ ਬਾਹਰ ਨਿਕਲਿਆ। ਸਾਹਮਣੇ ਸਵਾਰ ਦੇਖ ਕੇ ਪੁਛਿਓਸ, "ਤੁਸੀਂ ਕੌਣ ਹੋ"? ਸਾਹਿਬ ਰਾਏ ਨੇ ਆਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ ਕਿ ਪੁਆੜੇ ਦੀ ਜੜ੍ਹ ਇਹੋ ਹੈ। ਉਸ ਉਤੇ ਹਮਲਾ ਕੀਤਾ ਗਿਆ।

ਬਘੇਲ ਸਿੰਘ ਨੇ ਵਾੜੇ ਵਲ ਪਿਛੇ ਹਟ ਕੇ ਲੁਕ ਜਾਣਾ ਜਾਂ ਮਦਦ ਲਈ ਸਿੰਘਾਂ ਨੂੰ ਸਦਣਾ ਕਾਇਰਤਾ ਸਮਝੀ। ਇਕੱਲਿਆਂ ਹੀ ਨੇਜ਼ਾ ਸੰਭਾਲ ਕੇ ਲਗਾ ਸਵਾਰਾਂ ਨੂੰ ਅੜੁੰਗਣ। ਵਾੜੇ ਦੇ ਉਦਾਲੇ ਪੁਦਾਲੇ ਜੰਡ ਕਰੀਰ ਸਨ, ਇਸ ਲਈ ਸਵਾਰਾਂ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਹੌਲੀ ਹੌਲੀ ਲਗ-ਪਗ ਸਾਰੇ ਸਵਾਰ, ਵਿਚੇ ਹੀ ਫ਼ੌਜਦਾਰ ਦਾ ਭਤੀਜਾ, ਬਘੇਲ ਸਿੰਘ ਜੀ ਦੇ ਹਥੀਂ ਪਾਰ ਬੋਲੇ। ਰਾਤ ਚਾਂਦਨੀ ਸੀ। ਪੰਜਾਹ ਲਾਸ਼ਾਂ ਪਈਆਂ ਸਨ। ਇਤਨੇ ਨੂੰ ਅਸੀ (੮੦) ਪੈਦਲਾਂ ਦਾ ਦਸਤਾ ਭੀ ਆਣ ਪੁਜਾ, ਤੇ ਲਗੇ ਗੋਲੀਆਂ ਦਾਗਣ। ਇਕ ਗੋਲੀ ਸਿੰਘ ਸਾਹਿਬ ਦੇ ਪੇਟ ਵਿਚ ਲਗੀ। ਇਤਨੇ ਨੂੰ ਵਾੜੇ ਅੰਦਰਲੇ ਸਾਥੀ ਖੜਕਾ ਸੁਣ ਕੇ ਸਾਵਧਾਨ ਹੋ ਗਏ। ਜਦੋਂ ਜੈਕਾਰੇ ਗਜਾਂਦੇ ਬਾਹਰ ਨਿਕਲੇ ਤਾਂ ਥੋੜੀ ਦੇਰ ਦੇ ਮੁਕਾਬਲੇ ਪਿਛੋਂ ਫ਼ੌਜਦਾਰ ਨਠ ਗਿਆ। ਸਿੰਘ ਭਾਈ ਬਘੇਲ ਸਿੰਘ ਦੀ ਸ਼ਹੀਦੀ ਦੇਖ ਕੇ ਦੰਗ ਹੀ ਰਹਿ ਗਏ। ਕਿਵੇਂ ਇਕ ਸਿੰਘ ਨੇ ਆਪਣਾ ਆਪ ਸ਼ਹੀਦ ਕਰ ਕੇ ਦੂਜੇ ਵੀਰਾਂ ਦੀ ਜਾਨ ਬਚਾਈ। ਇਕੱਲੇ ਨੇ ਹੀ ਲੁਕ ਛਿਪ ਕੇ ੫੦ ਸਵਾਰ ਢੇਰੀ ਕਰ ਦਿਤੇ।



www.AKJ.Org

ਵਾਂ ਵਿਚ ਹੋਇਆ ਇਹ ਪਹਿਲਾ ਮੁਕਾਬਲਾ ਸੀ। ਫ਼ੌਜਦਾਰ ਹਾਰ ਖਾ ਕੇ ਲਾਹੌਰ ਦੇ ਸੂਬੇ ਪਾਸ ਪੁਜਾ। ਕਿਵੇਂ ਇਕ ਸੁਆਰਥੀ ਆਪਣੀਆਂ ਘੋੜੀਆਂ ਚਾਰਨ ਪਿਛੇ ਕਿਵੇਂ ਆਪਣੇ ਦੇਸ਼-ਵਾਸੀਆਂ ਦਾ ਅਤੇ ਆਪਣੀ ਵੇਲੇ ਦੀ ਸਰਕਾਰ ਦਾ ਨੁਕਸਾਨ ਕਰਦਾ ਹੈ! ਸੁਆਰਥ, ਨਿਕੰਮੀ ਜ਼ਿਦ ਅਤੇ ਈਰਖਾ ਨੇ ਇਸ ਦੇਸ਼ ਨੂੰ ਬੀਤੇ ਸਮੇਂ ਵਿੱਚ ਭੀ ਖ਼ਰਾਬ ਕੀਤਾ ਅਤੇ ਹੁਣ ਭੀ ਕਰ ਰਿਹਾ ਹੈ।

ਫ਼ੌਜਦਾਰ ਨ ਲਾਹੌਰ ਦੇ ਸੂਬੇ ਅਗੇ ਅਰਜ਼ ਕੀਤੀ। ਉਨ੍ਹੀਂ ਦਿਨੀਂ ਹਰ ਨਵੀਂ ਮੁਹਿਮ ਲਈ ਫ਼ੌਜ ਭਰਤੀ ਕੀਤੀ ਜਾਂਦੀ ਸੀ। ਸੋ ਇਹ ਮੁਹਿਮ ਸਿੰਘਾਂ ਵਿਰੁਧ ਹੋਣ ਕਰਕੇ ਇਸਨੂੰ ਮਜ਼੍ਹਬੀ-ਰੰਗਣ ਭੀ ਦਿਤੀ ਗਈ। ਲਾਹੌਰ ਦੇ ਸੂਬੇ ਨੇ ਅਮੀਰ ਮੋਮਨ ਖ਼ਾਨ ਨੂੰ ੨੨੦੦ ਸਵਾਰ, ੪੦ ਜ਼ੰਬੂਰੇ, ੪ ਰਹਿਕਲੇ ਅਤੇ ੫ ਹਾਥੀ ਮੁਹਿਮ ਵਿਚ ਨਾਲ ਜਾਣ ਦੀ ਮਨਜ਼ੂਰੀ ਦੇ ਦਿਤੀ। ਧੌਂਸਾ ਮਾਰ ਕੇ ਸ਼ਹਿਰੋਂ ਬਾਹਰ ਅਮੀਰ ਮੋਮਨ ਖ਼ਾਨ ਨੇ ਭਰਤੀ ਸ਼ੁਰੂ ਕਰ ਦਿਤੀ।

ਇਧਰ ਤਾਰਾ ਸਿੰਘ ਜੀ ਨੇ ਆਪਣੇ ਮੇਲੀਆਂ ਗੇਲੀਆਂ ਨੂੰ ਸੁਨੇਹੇ ਘਲ ਦਿਤੇ ਕਿ ਤੁਸੀਂ ਸ਼ਹੀਦ ਹੋਣਾ ਚਾਹੁੰਦੇ ਸਉ, ਸੋ ਉਹ ਵੇਲਾ ਹੁਣ ਆ ਗਿਆ ਹੈ। ਇਹ ਸੁਨੇਹਾ ਪੁਜਦਿਆਂ ਹੀ ਬਹੁਤ ਸਾਰੇ ਸਿੰਘ ਤਾਰਾ ਸਿੰਘ ਜੀ ਪਾਸ ਆਣ ਇਕੱਠ ਹੋਏ ਅਤੇ ਯੁੱਧ ਕਰਨ ਲਈ ਸਲਾਹ ਮਸ਼ਵਰੇ ਕਰਨ ਲਗੇ। ਸਲਾਹ ਇਹ ਬਣੀ ਕਿ ਅਜੇ ਤਕ ਤਾਂ ਸਾਡੀ ਜਿਤ ਹੈ, ਪਰ ਲਾਹੌਰੋਂ ਆ ਈ ਵੱਡੀ ਫ਼ੌਜ ਦਾ ਮੁਕਾਬਲਾ ਕਰਨਾ ਕਠਨ ਹੈ। ਇਸ ਲਈ ਇਸ ਹਨੇਰੀ ਦੇ ਬੁਲੇ ਨੂੰ ਅਗੇ ਪਿਛੇ ਲੰਘਾ ਲੈਣਾ ਚਾਹੀਦਾ ਹੈ। ਸ਼ਾਹੀ ਫ਼ੌਜਾਂ ਮੈਦਾਨ ਖ਼ਾਲੀ ਵੇਖ ਕੇ ਵਾਪਸ ਮੁੜ ਜਾਣਗੀਆਂ।

ਇਹ ਵਿਚਾਰ ਪੱਕੀ ਕਰ ਕੇ ਸਾਰੇ ਸਿੰਘ ਇਕ ਵਹੀਰ ਦੀ ਸ਼ਕਲ ਵਿਚ ਮਾਲਵੇ ਵਲ ਤੁਰ ਪਏ। ਉਸ ਸਮੇਂ ਸਤਲੁਜ ਬਹਾਦਰ ਨਗਰ ਪਾਸ ਵਗਦਾ ਹੁੰਦਾ ਸੀ ਤੇ ਨਗਰ ਦਾ ਪਤਣ ਸੀ। ਜਦੋਂ ਸਿੰਘਾਂ ਨੇ ਦਰਿਆ ਪਾਰ ਕਰਨ ਦੀ ਤਿਆਰੀ ਕੀਤੀ ਤਾਂ ਤਾਰਾ ਸਿੰਘ ਨੇ ਇਹ ਵਿਚਾਰ ਪੇਸ਼ ਕੀਤੀ ਕਿ ਗੁਰੂ ਜੀ ਦੀ ਆਗਿਆ ਤਾਂ ਲੈ ਲਈਏ, ਪਤਾ ਨਹੀਂ ਗੁਰੂ ਜੀ ਕੀ ਹੁਕਮ ਕਰਦੇ ਹਨ। ਆਪ ਦੇ ਗਾਤਰੇ ਵਿਚ ਹਥ-ਲਿਖਤੀ ਦਸਮ-ਗ੍ਰੰਥ ਦੀ ਪੋਥੀ ਸੀ। ਉਸ ਦਾ ਹੀ ਪ੍ਰਕਾਸ਼ ਕਰ ਕੇ ਹੁਕਮ ਲਿਤਾ ਗਿਆ। ਹੁਕਮ ਆਇਆ :—

ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ
ਤੌ ਕਿਹ ਕੁੰਟ ਕਹੋ ਭਜਿ ਜਈਐ ॥
ਆਗੇ ਹੂੰ ਕਾਲ ਧਰੇ ਅਸਿ ਗਾਜਤ
ਛਾਜਤ ਹੈ ਜਿਹ ਤੇ ਨਸਿ ਅਈਐ ॥
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ
ਜਾਹਿ ਉਪਾਵ ਸੋ ਘਾਵ ਬਚਈਐ ॥
ਜਾਂ ਤੇ ਨ ਛੂਟੀਐ ਮੂੜ ਕਹੂੰ,
ਹਸ ਤਾਂ ਕੀ ਕਿਉਂ ਨ ਸਰਣਾਗਤਿ ਜਈਐ ॥
੯੬॥੧॥ [ਬਚਿਤ੍ਰ ਨਾਟਕ

ਬਸ ਫਿਰ ਕੀ ਸੀ, ਭਾਈ ਤਾਰਾ ਸ਼ਿੰਘ ਜੀ ਨੇ ਸਿੰਘਾਂ ਨੂੰ ਕਿਹਾ ਕਿ ਸਾਨੂੰ ਤਾਂ ਸਚੇ ਪਾਤਸ਼ਾਹ ਜੀ ਦਾ ਸ਼ਹੀਦੀ ਹੁਕਮ ਮਿਲ ਗਿਆ ਹੈ। ਅਸੀਂ ਪਾਰ ਨਹੀਂ ਜਾਣਾ। ਜਿਸ ਜਿਸ ਸਿੰਘ ਨੇ ਸਾਡੇ ਨਾਲ ਸ਼ਹੀਦੀ ਪ੍ਰਾਪਤ ਕਰਨ ਲਈ ਚਲਣਾ ਹੈ, ਉਹ ਸਾਡੇ ਨਾਲ ਹੀ ਮੁੜ ਪਵੇ। ਇਹ ਸੁਣ ਕੇ ਕੇਵਲ ਅਠਾਰ੍ਹਾਂ ਸਾਥੀ ਇਨ੍ਹਾਂ ਨਾਲ ਵਾਪਸ ਮੁੜੇ, ਬਾਕੀ ਸਤਲੁਜ ਪਾਰ ਕਰ ਗਏ।

ਲਾਹੌਰ ਦੀਆਂ ਸ਼ਾਹੀ ਫ਼ੌਜਾਂ ਵਿਚ ਕੰਮ ਕਰਦੇ ਸਿੰਘਾਂ ਨੇ ਉਚੇਚੇ ਸੁਨੇਹੇ ਭੇਜੇ ਕਿ (ਅਗੋਂ) ਸਿੰਘ ਉਥੋਂ ਕੁਝ ਚਿਰਾਂ ਲਈ ਇਧਰ ਉਧਰ ਚਲੇ ਜਾਣ। ਪਰ ਉਹਨਾਂ ਨੂੰ ਅਗੋਂ ਇਹੀ ਉਤਰ ਮਿਲਿਆ ਕਿ ਅਸੀਂ ਤਾਂ ਸ਼ਹੀਦ ਹੋਣ ਦੀ ਤਿਆਰੀ ਕਰੀ ਬੈਠੇ ਹਾਂ।

ਮੋਮਨ ਖ਼ਾਨ ਨੇ ਸੋਚਿਆ ਕਿ ਦਿਨੇ ਜਾਣ ਨਾਲ ਸ਼ਾਇਦ ਨੁਕਸਾਨ ਜ਼ਿਆਦਾ ਹੋਵੇਗਾ, ਇਸ ਲਈ ਦੁਸ਼ਮਨ ਨੂੰ ਰਾਤੋ ਰਾਤ ਹੀ ਘੇਰਨਾ ਜ਼ਿਆਦਾ ਚੰਗਾ ਹੋਵੇਗਾ। ਇਧਰ ਮੁਗ਼ਲ ਫ਼ੌਜਾਂ ਚੜ੍ਹੀਆਂ ਆ ਰਹੀਆਂ ਹਨ, ਉਧਰ ਭਾਈ ਤਾਰਾ ਸਿੰਘ ਜੀ ਨੂੰ ਇਤਲਾਹ ਹੋ ਗਈ ਕਿ ਅਜ ਰਾਤ ਫ਼ੌਜ ਅਪੜ



www.AKJ.Org

ਰਹੀ ਹੈ। ਭਾਈ ਸਾਹਿਬ ਨੇ ਸਾਰੇ ਸਿੰਘਾਂ ਨੂੰ ਆਪ ਸਕੇਸੀਂ ਇਸ਼ਨਾਨੇ ਕਰਾਏ, ਤਾਂਕਿ ਸ਼ਹੀਦ ਹੋਣ ਤੋਂ ਪਹਿਲਾਂ ਇਤਨੀ ਟਹਿਲ ਤਾਂ ਕਰ ਲਈਏ। ਜਦੋਂ ਸਾਰੇ ਸਿੰਘਾਂ ਨੇ ਸ਼ਸਤਰ ਬਸਤਰ ਸਜਾ ਲਏ ਤਾਂ ਨਗਾਰੇ ਤੇ ਚੋਟ ਮਾਰੀ ਗਈ। ਮੋਮਨ ਖ਼ਾਨ ਸਮਝ ਗਆ ਕਿ ਸਿੰਘ ਲੜਨ ਮਰਨ ਨੂੰ ਤਿਆਰ ਹਨ।

ਅਸਲ ਗੱਲ ਇਹ ਹੈ ਕਿ ਮੁਗਲ ਅਮੀਰ ਵਿਲਾਸੀ ਹੁੰਦੇ ਸਨ ਅਤੇ ਉਨ੍ਹਾਂ ਦੀਆਂ ਫ਼ੋਜਾਂ ਅਣ-ਸਿਖਿਅਤ, ਸੁਆਰਥੀ, ਵੇਲੜਾਂ ਦਾ ਟੋਲਾ ਹੀ ਹੁੰਦਾ ਸੀ। ਉਹ ਆਮ ਤੌਰ ਤੇ ਖੁਲ੍ਹੇ ਮੈਦਾਨਾਂ ਵਿਚ ਸਿੰਘਾਂ ਨਾਲ ਯੁਧ ਕਰਨ ਤੋਂ ਸੰਕੋਚ ਕਰਦੇ ਸਨ। ਆਮ ਇਸੇ ਤਰ੍ਹਾਂ ਹੀ ਕੀਤਾ ਜਾਂਦਾ ਸੀ ਕਿ ਰਾਤੋ-ਰਾਤ ਜਾ ਕੇ ਸੁਤਿਆਂ ਸ਼ੇਰਾਂ ਨੂੰ ਜਾ ਦਬਾਣਾ। ਜੇ ਤਾਂ ਸੁਤਿਆਂ ਸਿੰਘਾਂ ਨੂੰ ਕੋਈ ਰਾਤੋ-ਰਾਤ ਖ਼ਬਰ ਦੇ ਦਿੰਦਾ, ਜਾਂ ਕਈ ਵਾਰੀ ਹਮਲਾ ਕਰਨ ਵਾਲੇ ਅਮੀਰ ਆਪ ਹੀ ਕਿਰਪਾ ਕਰ ਕੇ ਖ਼ਬਰ ਘਲ ਦਿੰਦੇ ਸਨ ਤਾਂ ਸਿੰਘ ਖਿੰਡ-ਪੁੰਡ ਜਾਂਦੇ ਤੇ ਸਰਦਾਰ ਭੀ ਆਪਣੀ ਹਾਜ਼ਰੀ ਪਾ ਕੇ, ਖ਼ਾਲੀ ਮੈਦਾਨ ਤਕ ਕੇ ਆਪਣੀ ਜਿਤ ਦਾ ਡੰਕਾ ਵਜਾਂਦੇ ਲਾਹੌਰ ਨੂੰ ਮੁੜ ਜਾਂਦੇ। ਇਉਂ ਉਸ ਸਮੇਂ ਦੀ ਹਰਾਮਖ਼ੋਰੀ ਦੀ ਇਕ ਝਲਕੀ ਇਤਿਹਾਸ ਦੇ ਪੰਨਿਆਂ ਵਿਚੋਂ ਮਿਲਦੀ ਹੈ। ਕੋਈ ਭੀ ਅਮੀਰ ਤਨੋਂ ਮਨੋਂ ਆਪਣੇ ਮਾਲਕ ਦਾ ਕਮ ਨਹੀਂ ਸੀ ਕਰਦਾ। ਇਹ ਗੱਲ ਸੱਚ ਹੈ ਕਿ ਜੇਕਰ ਸਿੰਘ ਪਹਿਲਾਂ ਵਾਲੀ ਯੋਜਨਾ ਅਨੁਸਾਰ ਖਿੰਡ ਜਾਂਦੇ ਤਾਂ ਇਹ ਸ਼ਹੀਦੀ ਸਾਕਾ ਸ਼ਾਇਦ ਨਾ ਹੁੰਦਾ। ਪਰ ਬਲਿ-ਹਾਰ ਉਹਨਾਂ ਗੁਰਸਿਖਾਂ ਤੇ, ਜੋ ਗੁਰੂ ਸਾਹਿਬ ਦੇ ਹੁਕਮਾਂ ਨੂੰ ਪਛਾਣਦੇ ਹਨ ਅਤੇ ਉਨ੍ਹਾਂ ਤੇ ਪਹਿਰਾ ਦਿੰਦੇ ਹਨ।

ਜਦੋਂ ਦਿਨ ਚੜ੍ਹਿਆ ਤਾਂ ਸ਼ਾਹੀ ਫੌਜਾਂ ਸਿੰਘਾਂ ਦੇ ਡੇਰੇ ਪਾਸ ਅਪੜ ਪਈਆਂ। ਸਭ ਤੋਂ ਪਹਿਲਾਂ ਭਾ: ਬੁਲਾਕਾ ਸਿੰਘ ਜੀ ਦੁਸ਼ਮਨ ਦੀ ਸਫ ਵਿਚ ਜਾ ਕੇ ਕਈਆਂ ਨੂੰ ਮਾਰਦੇ ਆਪ ਭੀ ਸ਼ਹੀਦ ਹੋ ਗਏ। ਤਕੀ ਖ਼ਾਨ ਜੋ ਮੋਮਨ ਖ਼ਾਨ ਦਾ ਸਹਾਇਕ ਸੀ, ਆਪਣੇ ਸਵਾਰਾਂ ਦਾ ਦਸਤਾ ਲੈ ਕੇ ਅਗੇ ਵਧਿਆ। ਭਾ: ਤਾਰਾ ਸਿੰਘ ਜੀ ਅਗੇ ਆ ਖੜੋਤੇ ਸਨ, ਇਸ ਲਈ ਪਹਿਲਾ ਵਾਰ ਆਪ ਉਤੇ ਹੋਇਆ। ਆਪ ਵਾਰ ਬਚਾ ਕੇ ਫੁਰਤੀ ਨਾਲ ਵਧੇ ਅਤੇ ਖ਼ਾਨ ਦੇ ਘੋੜੇ ਦੀਆਂ ਵਾਗਾਂ ਫੜੀਆਂ। ਤਕੀ ਖ਼ਾ ਨੇ ਸਾਰੇ ਸਰੀਰ ਤੇ ਜ਼ਰਾ-ਬਕਤਰ ਪਾਇਆ ਹੋਇਆ ਸੀ। ਸਾਰਾ ਲੋਹੇ ਵਿਚ ਡੁੱਬਾ ਹੋਇਆ ਸੀ। ਅਤੇ ਸਿਵਾਏ ਮੂੰਹ ਤੋਂ ਉਸਦੇ ਸ਼ਰੀਰ ਦਾ ਕਈ ਹਿੱਸਾ ਖ਼ਾਲੀ ਨਹੀਂ ਸੀ। ਇਸ ਲਈ ਭਾਈ ਸਾਹਿਬ ਨੇ ਆਪਣਾ ਨੇਜ਼ਾ ਉਸ ਦੇ ਮੂੰਹ ਤੇ ਮਾਰਿਆ। ਨੇਜ਼ਾ ਲਗਦਿਆਂ ਹੀ ਮੂੰਹ ਤੋਂ ਲਹੂ ਦਾ ਫੁਹਾਰਾ ਛੁਟ ਪਿਆ। ਅਤੇ ਖ਼ਾਨ ਜੀ ਸਣੇ ਆਪਣੇ ਦਸਤੇ ਦੇ ਪਿਛੇ ਹਟ ਗਏ। ਨਠੇ ਜਾਂਦੇ ਨੂੰ ਅਗੋਂ ਮੋਮਨ ਖ਼ਾਨ ਮਿਲਿਆ। ਤਕੀ ਖ਼ਾਨ ਦਾ ਮੂੰਹ ਲਹੂ ਨਾਲ ਲਿਬੜਿਆ ਵੇਖ ਕੇ ਹਾਸੇ ਨਾਲ ਆਖਿਆ, "ਖ਼ਾਨ ਜੀ ਪਾਨ ਪਏ ਖਾਂਦੇ ਹੋ?" ਅਗੋਂ ਤਕੀ-ਖਾਂ ਨੇ ਜਵਾਬ ਦਿਤਾ, "ਹਾਂ ਜੀ, ਤਾਰਾ ਸਿੰਘ ਵੰਡਦਾ ਹੈ, ਅਗੇ ਵਧ ਕੇ ਆਪ ਭੀ ਲੈ ਲਵੋ।"

ਖ਼ੈਰ ਮੋਮਨ ਖ਼ਾਨ ਹਾਥੀ ਉਤੇ ਅਗੇ ਵਧਿਆ। ਕਿਥੇ ਹਜ਼ਾਰਾਂ ਦੀ ਗਿਣਤੀ, ਕਿਥੇ ੧੮-੧੯ ਸਿੰਘ। ਨਹੀਂ ਨਹੀਂ, ਕਲਾ ਕਲਾ ਸਵਾ ਲਖ ਨਾਲ ਲੜਨ ਦਾ ਸਾਹਸ ਰਖਦਾ ਸੀ। ਵਾਂ ਦੇ ਪਾਸ ਹੀ ਕੁਰਬਾਨ ਪਿੰਡ ਹੈ। ਇਥੋਂ ਦੇ ਦੋ ਸਿੰਘ ਗੱਡਾ ਜੋੜ ਕੇ ਵਾਂ ਤੋਂ ਕਲਰ ਲੈਣ ਲਈ ਆਏ। ਅਗਾਂ ਇਹ ਲੜਾਈ ਦੇਖੀ। ਸਿੰਘਾਂ ਦੇ ਸ਼ਹੀਦੀ ਪਾਉਣ ਦੀ ਵਿਥਿਆ ਸੁਣੀ। ਮਨ ਵਿਚ ਚਾਉ ਉਠਿਆ। ਇਕ ਭਰਾ ਨੇ ਦੂਜੇ ਨੂੰ ਕਿਹਾ, "ਲੈ ਭਈ ਗੱਡਾ, ਮੈਂ ਚਲ ਕੇ ਸ਼ਹੀਦ ਹੁੰਦਾ ਹਾਂ, ਇਹ ਤਾਂ ਬੜਾ ਸੋਹਣਾ ਮੌਕਾ ਹੈ।" ਦੂਜੇ ਨੇ ਕਿਹਾ, "ਮੈਂ ਪਿਛੇ ਮੁੜ ਕੇ ਕੀ ਕਰਨਾ ਹੈ, ਚਲ ਮੈਂ ਵੀ ਤੇਰੇ ਨਾਲ ਹੀ ਸ਼ਹੀਦ ਹੋਣਾ ਹੈ।" ਸੋ ਦੋਹਾਂ ਨੇ ਗੱਡੇ ਨੂੰ ਉਥੇ ਹੀ ਛਡ ਦਿਤਾ ਅਤੇ ਸਿੰਘਾਂ ਵਿੱਚ ਜਾਂ ਸ਼ਾਮਲ ਹੋਏ।

ਲੜਾਈ ਹੋ ਰਹੀ ਸੀ। ਤਕੀ ਖ਼ਾਨ ਆਪਣੇ ਦਸਤੇ ਸਮੇਤ ਪਿਛੇ ਹਟ ਗਿਆ ਸੀ, ਅਤੇ ਮੋਮਨ

[ ਬਾਕੀ ਵੇਖੋ ਸਫ਼ਾ ੨੧ ਦੇ ਹੇਠ]



www.AKJ.Org

# ਬੀਬੀ ਭਾਨੀ ਜੀ

[ਵਲੋਂ :— ਸ: ਵਰਿਆਮ ਸਿੰਘ ਜੀ, ਦਿੱਲੀ]

ਬੀਬੀ ਭਾਨੀ ਜੀ ਦਾ ਜਨਮ ੧੫੩੩ ਈਸਵੀ ਵਿਚ ਪਿੰਡ ਬਾਸਰਕੇ, ਪਿਤਾ ਗੁਰੂ ਅਰਦਾਸ ਜੀ ਅਤੇ ਮਾਤਾ ਰਾਮ ਕੌਰ ਜੀ ਦੇ ਘਰ ਹੋਇਆ। ਆਪ ਤੋਂ ਵੱਡੀ ਭੈਣ ਇਕ ਹੋਰ ਸੀ, ਜਿਸ ਦਾ ਜਨਮ ੧੫੩੦ ਈਸਵੀ ਵਿਚ ਹੋਇਆ ਸੀ ਅਤੇ ਜਿਸ ਦਾ ਨਾਂ ਸੀ ਬੀਬੀ ਦਾਨੀ। ਬਾਅਦ ਵਿਚ ਆਪ ਤੋਂ ਦੋ ਛੋਟੇ ਭਰਾ ਵੀ ਉਤਪੰਨ ਹੋਏ—ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ। ਉਨ੍ਹਾ ਦੇ ਜਨਮ ੧੫੩੬ ਈਸਵੀ ਅਤੇ ੧੫੩੯ ਈਸਵੀ ਵਿਚ ਹੋਏ।

੧੫੫੨ ਈਸਵੀ ਵਿਚ ਜਦੋਂ (ਗੁਰੂ) ਅਮਰ ਦਾਸ ਜੀ ਗੱਦੀ ਤੇ ਸੁਸ਼ੋਭਤ ਹੋਏ ਤਾਂ ਉਸ ਤੋਂ ਕੁਝ ਚਿਰ ਪਿਛੋਂ ਹੀ ਬੀਬੀ ਭਾਨੀ ਜੀ ਦਾ ਵਿਆਹ ਲਾਹੌਰ ਦੇ ਰਹਿਣ ਵਾਲੇ ਭਾਈ ਜੇਠਾ ਜੀ (ਗੁਰੂ ਰਾਮ ਦਾਸ ਜੀ) ਨਾਲ ਕਰ ਦਿੱਤਾ ਗਿਆ।

ਭਾਈ ਜੇਠਾ ਜੀ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਤੇ ਸੇਵਕ ਸਨ। ਗੁਰੂ ਪਾਤਸ਼ਾਹ ਦੇ ਚਰਨਾਂ ਤੋਂ ਉਹ ਵਿਕੇ ਹੋਏ ਸਨ ਅਤੇ ਸਦਾ ਹੀ ਗੁਰੂ ਹੁਕਮਾਂ ਤੋਂ ਆਪਣਾ ਆਪ ਨਿਛਾਵਰ ਕਰਨ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿੰਦੇ ਸਨ । ਪਰ ਇਸ ਦੇ ਨਾਲ ਹੀ ਭਾਈ ਜੇਠਾ ਜੀ ਬਹੁਤ ਗਰੀਬ ਸਨ । ਇਹ ਦੇਖ ਕੇ ਬੀਬੀ ਭਾਨੀ ਜੀ ਦੀਆਂ ਕਈ ਸਹੇਲੀਆ ਆਪ ਨੂੰ ਮਖ਼ੌਲ ਕਰਦੀਆਂ ਸਨ ਕਿ ਤੇਰੇ ਮਾਪਿਆਂ ਨੇ ਚੰਗਾ ਵਰ ਨਹੀਂ ਲਭਿਆ, ਇਕ ਗਰੀਬ ਨਾਲ ਵਿਆਹ ਕਰ ਦਿੱਤਾ ਹੈ। ਗੁਜ਼ਾਰਾ ਕਿੰਜ ਚਲੇਗਾ ? ਬੀਬੀ ਭਾਨੀ ਜੀ ਸਭ ਕੁਝ ਸੁਣਦੇ ਹੋਏ ਵੀ ਚੁਪ ਸਨ। ਫਿਰ ਵੀ ਇਕ ਦਿਨ ਪਤਾ ਨਹੀਂ ਕੀ ਖ਼ਿਆਲ ਆਇਆ, ਗੁਰੂ-ਪਿਤਾ ਅਗੇ ਜੋਦੜੀ ਕੀਤੀ ਕਿ ਸਹੇਲੀਆਂ ਇੰਜ ਮਖ਼ੌਲ ਕਿਉਂ ਕਰਦੀਆਂ ਹਨ ?

ਗੁਰੂ ਸਾਹਿਬ—ਪੁਤਰੀ ! ਤੇਰੀਆਂ ਸਹੇਲੀਆਂ ਝੂਠ ਬੋਲਦੀਆਂ ਹਨ। ਤੇਰਾ ਪਤੀ ਤਾਂ ਬਾਦਸ਼ਾਹ ਹੈ। ਉਸ ਨੂੰ ਮਾਇਆ ਦੀ ਤੋਟ ਕਦੀ ਨਹੀਂ ਆਵੇਗੀ। ਅਕਾਲ ਪੁਰਖ ਦਾ ਨਾਮ ਜਪਦਿਆਂ ਅਤੇ ਗੁਰੂ-ਘਰ ਦੀ ਸੇਵਾ ਕਰਦਿਆਂ ਉਹ ਇਤਨੀ ਉਚੀ ਅਵਸਥਾ ਤੇ ਜਾ ਪੁਜਾ ਹੈ, ਜਿਥੇ ਕੋਈ ਵਿਰਲਾ ਅਪੜਦਾ ਹੈ। ਅਕਾਲ ਪੁਰਖ ਵਲੋਂ ਆਇਆ ਉਸ ਨੂੰ ਮਹਾਂ ਪੁਰਸ਼ ਸਮਝੀਂ। ਉਸ ਦੇ ਜ਼ਿੰਮੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਪਰਚਾਰਨ ਦੀ ਡਿਊਟੀ ਲਗ ਚੁਕੀ ਹੈ। ਇਸ ਨੇ ਸੰਸਾਰ ਦੇ ਦੁਖੀ ਜੀਵਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਬਖਸ਼ੇ ਨਾਮ-ਧਨ ਨੂੰ ਰਜ ਰਜ ਵੰਡਣਾ ਹੈ, ਜਿਸ ਨਾਲ ਉਨ੍ਹਾਂ ਦੇ ਅੰਦਰ ਠੰਢ ਵਰਤਣੀ ਹੈ ਤੇ ਪਾਰ-ਉਤਾਰਾ ਹੋਣਾ ਹੈ।

ਇਹ ਸੁਣ ਕੇ ਬੀਬੀ ਭਾਨੀ ਜੀ ਨੇ ਗੁਰੂ-ਪਿਤਾ ਅਗੇ ਸਿਰ ਝੁਕਾ ਦਿੱਤਾ।

੧੫੬੦ ਈਸਵੀ ਵਿਚ ਬਾਦਸ਼ਾਹ ਅਕਬਰ, ਗੋਇੰਦਵਾਲ ਸਾਹਿਬ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਲਈ ਆਇਆ । ਉਥੇ ਲੰਗਰ ਵਿਚੋਂ ਪ੍ਰਸ਼ਾਦਾ ਛਕਿਆ। ਸਭ ਨਾਲ ਇਕੋ ਜਿਹਾ ਪਿਆਰ ਭਰਿਆ ਸਲੂਕ ਦੇਖ ਕੇ ਅਕਬਰ ਬੜਾ ਖੁਸ਼ ਹੋਇਆ ਅਤੇ ਉਸ ਨੇ ਲੰਗਰ ਦੇ ਖ਼ਰਚੇ ਪੂਰੇ ਕਰਨ ਲਈ ਜਾਗੀਰ ਦੇਣੀ ਚਾਹੀ । ਪਰ ਗੁਰੂ ਅਮਰ ਦਾਸ ਜੀ ਨੇ ਜਾਗੀਰ ਲੈਣ ਤੋਂ ਇਨਕਾਰ ਕਰ ਦਿਤਾ ਕਿ ਲੰਗਰ ਦਾ ਪਰਬੰਧ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚਲਣਾ ਚਾਹੀਦਾ ਹੈ । ਅਕਬਰ ਦੀ ਦਿਲੀ ਸ਼ਰਧਾ ਦੇਖ ਕੇ ਜਾਗੀਰ ਬੀਬੀ ਭਾਨੀ ਜੀ ਦੇ ਨਾਂ ਲਿਖ ਦਿੱਤੀ ਗਈ, ਜਿਸ ਵਿਚ ਝਬਾਲ ਆਦਿ ੮੯ ਪਿੰਡ ਸਨ। ਹੁਣ ਦੇਖੋ ਬੀਬੀ ਭਾਨੀ ਦੀ ਉਚਤਾ। ਆਪ ਨੇ ਕੁਝ ਚਿਰ ਬਾਅਦ ਹੀ ਇਹ ਜਾਗੀਰ ਆਪਣੇ ਪਤੀ ਦੇ ਨਾਂ ਕਰਾ ਦਿੱਤੀ। ਇਸ ਤਰ੍ਹਾਂ ਬੀਬੀ ਭਾਨੀ ਜੀ ਦੀਆਂ ਸਹੇਲੀਆਂ ਦੇ ਮੂੰਹ ਵੀ ਸਦਾ ਲਈ ਬੰਦ ਹੋ ਗਏ, ਕਿਉਂ ਕਿ ਭਾਈ ਜੇਠਾ ਜੀ ਭਾਰੀ ਜਾਗੀਰ ਦੇ ਮਾਲਕ ਬਣ ਚੁਕੇ ਸਨ।

ਬੀਬੀ ਭਾਨੀ ਜੀ ਨੇ ਗੁਰੂ-ਪਿਤਾ ਜੀ ਦੀ ਕਿਤਨੀ ਅਲੌਕਕ ਤੇ ਮਹਾਨ ਸੇਵਾ ਕੀਤੀ ਹੈ, ਉਸ ਬਾਰੇ ਅਸੀਂ ਥੋੜਾ ਕੁ ਦੱਸਣ ਲਗੇ ਹਾਂ। ਗਿਆਨੀ



www.AKJ.Org

ਕਰਤਾਰ ਸਿੰਘ ਜੀ ਕਲਾਸਵਾਲੀਆ ਲਿਖਦੇ ਹਨ :—

ਰਾਮ ਦਾਸੁ ਜੀ ਸੇਵਾ ਅਤੁੱਟ ਕਰਦੇ,
ਓਦੋਂ ਵਧ ਕੇ ਬੀਬੀ ਕਮਾਵੰਦੀ ਸੀ।
ਸਮਝ ਗੁਰਾਂ ਨੂੰ ਰੂਪ ਕਰਤਾਰ ਦਾ ਜੀ,
ਪਿਤਾ ਭਾਵਨਾ ਉੱਕੀ ਮਿਟਾਵੰਦੀ ਸੀ।
ਵਿਚ ਸਰਦੀਆਂ ਜਲ ਨੂੰ ਗਰਮ ਕਰਦੀ,
ਹੱਥੀਂ ਆਪ ਸ਼ਨਾਨ ਕਰਾਵੰਦੀ ਸੀ।
ਲੀੜੇ ਬਸਤਰਾਂ ਦੀ ਸੇਵਾ ਹੋਰ ਜਿਹੜੀ,
ਬੀਬੀ ਖ਼ੁਸ਼ੀ ਦੇ ਨਾਲ ਨਿਭਾਵੰਦੀ ਸੀ।
ਪੱਖਾ ਗਰਮੀਆਂ ਦੇ ਵਿੱਚ ਰਹੇ ਕਰਦੀ,
ਗੁਰਾਂ ਤਾਈਂ ਪ੍ਰਸੰਨ ਰਖਾਵੰਦੀ ਸੀ।
ਰਹਿੰਦੀ ਸਦਾ ਹੀ ਨਿਕਟ ਕਰਤਾਰ ਸਿੰਘਾ,
ਵੇਲਾ ਸੇਵਾ ਦਾ ਨਾਹਿੰ ਖੁੰਝਾਵੰਦੀ ਸੀ।
[ਦਾਤਾਰੀ ਜੋਤ, ਪੰਨਾ ੭੨-੭੩

ਇਕ ਦਿਨ ਦੀ ਵਾਰਤਾ ਹੈ ਕਿ ਬੀਬੀ ਭਾਨੀ ਜੀ ਆਪਣੇ ਪਿਤਾ ਜੀ ਨੂੰ ਇਸ਼ਨਾਨ ਕਰਾ ਰਹੇ ਸਨ ਕਿ ਅਚਾਨਕ ਚੌਂਕੀ ਦਾ ਇਕ ਪਾਵਾਂ ਟੁੱਟ ਗਿਆ। ਬੀਬੀ ਜੀ ਨੇ ਇਹ ਖ਼ਿਆਲ ਕਰਦੇ ਹੋਏ ਕਿ ਪਿਤਾ ਜੀ ਕਿਤੇ ਚੌਂਕੀ ਤੋਂ ਡਿਗ ਨਾ ਪੈਣ ਅਤੇ ਇਸ਼ਨਾਨ ਕਰਨ ਵਿਚ ਕੋਈ ਵਿਘਨ ਨ ਪਏ, ਆਪਣਾ ਪੈਰ ਟੁਟੇ ਹੋਏ ਪਾਵੇ ਵਾਲੀ ਥਾਂ ਦੇ ਦਿੱਤਾ। ਪਾਵੇ ਵਾਲੀ ਥਾਂ ਇੱਕ ਕਿੱਲ ਸੀ ਜੋ ਬੀਬੀ ਜੀ ਦੇ ਪੈਰ ਵਿਚ ਚੁਭ ਗਿਆ ਅਤੇ ਖ਼ੂਨ ਦੀ ਧਾਰਾ ਵਹਿ ਨਿਕਲੀ। ਬੀਬੀ ਜੀ ਨੇ ਮੂੰਹੋਂ ਸੀ ਤਕ ਨ ਕੀਤੀ ਅਤੇ ਉਸੇ ਤਰ੍ਹਾਂ ਪੈਰ ਟਿਕਾਈ ਰਖਿਆ। ਇਹ ਇਕ ਅਜਿਹੀ ਕੁਰਬਾਨੀ ਸੀ ਜਿਸ ਨੂੰ ਬੜੇ ਸਿਦਕ ਤੇ ਭਰੋਸੇ ਵਾਲੀ ਕੁਰਬਾਨੀ ਕਿਹਾ ਜਾ ਸਕਦਾ ਹੈ। ਇਸ ਕੁਰਬਾਨੀ ਨੇ ਗੁਰੂ ਸਾਹਿਬ ਦੇ ਹਿਰਦੇ ਉਤੇ ਡੂੰਘਾ ਅਸਰ ਕੀਤਾ। ਉਹ ਮਿਹਰਾਂ ਦੇ ਘਰ ਆ ਗਏ ਅਤੇ ਆਪਣੀ ਪਿਆਰੀ ਬੱਚੀ ਨੂੰ ਕਈ ਵਰ ਦਿੱਤੇ। ਸਿੱਖ ਇਤਿਹਾਸ ਵਿਚ ਜ਼ਿਕਰ ਆਇਆ ਹੈ :—

ਹੁਇ ਪ੍ਰਸੰਨ ਬਰ ਦਯੋ ਸੁਜਾਨਾ :
"ਸੰਤਤਿ ਤੇਰੀ ਬਧੈ ਮਹਾਨਾ।
ਸਕਲ ਜਗਤ ਕੀ ਹੋਵਹਿ ਪੂਜ।
ਜੈਸੇ ਚਢਹਿ ਚੰਦ੍ਰਮਾ ਦੂਜ ॥ ੩੯ ॥
ਬਡ ਐਸ਼੍ਰਜ ਬਧਹਿ ਤਿਮ ਆਗੇ।
ਜੋ ਤਿਨ ਸੇਵਹਿ ਸੋ ਵਡਭਾਗੇ।
ਆਗੇ ਬੰਸ ਬਿਖੈ ਨਿਪਜੈਹੈਂ।
ਮਹਾਂ ਬਲੀ ਸੇ ਜਗ ਮਹਿੰ ਹ੍ਵੈ ਹੈਂ ॥ ੪੦ ॥
ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿਂ।
ਅਪਨੋ ਅਧਿਕ ਪ੍ਰਤਾਪ ਬਧਾਵਹਿਂ।
ਪਰਮ ਧਰਮ ਪੀਰੀ ਅਰੁ ਮੀਰੀ।
ਧਰਹਿਂ ਆਪ ਦੇ, ਅਪਰ ਤਗੀਰੀ ॥ ੪੧ ॥
ਕਲਜੁਗ ਮਹਿੰ ਜਹਿਂ ਕਹਿਂ ਜਕਾਰੇ।
ਕਰਹਿ ਉਧਾਰਨ ਨਰਨ ਹਜ਼ਾਰੇ।
ਸੋਢਬੰਸ ਕਹੁ ਬਡਿ ਬਡਿਆਈ।
ਤੈਂ ਕਰਿ ਭਗਤਿ ਭਲੇ ਅਬਿ ਪਾਈ ॥ ੪੨ ॥
ਤੀਨੋ ਕਾਲ ਬਿਖੈ ਤੁਝ ਜੈਸੀ।
ਹੁਈ, ਨ ਹੈ, ਹੋਵਹਿਗੀ ਐਸੀ।
ਪਿਤਾ ਗੁਰੂ, ਜਗ ਗੁਰ ਹੋਇ ਕੰਤ।
ਪੁੱਤ੍ਰ ਗੁਰੂ, ਹੁਇ ਪੋਤ੍ਰ ਮਹੰਤ ॥ ੪੩ ॥
ਕਹਾ ਅਬਿ ਕਹੋਂ ਤੋਰ ਬਡਿਆਈ।
ਜਿਸ ਕੀ ਸਮ ਕੋ ਹ੍ਵੈ ਨ ਸਕਾਈ।"
ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ।
ਇੱਤਜਾਦਿਕ ਬਰ ਦਿਯੇ ਬਿਸਾਲ ॥ ੪੪ ॥
[ਸੂਰਜ ਪ੍ਰਕਾਸ਼, ਰਾਸ ੧ ਅੰਸੂ ੬੫

੧ ਸਤੰਬਰ ੧੫੭੪ ਈਸਵੀ ਸੀ ਜਦੋਂ ਗੁਰੂ ਅਮਰ ਦਾਸ ਜੀ ਨੇ ਭਾਈ ਜੇਠਾ ਜੀ ਨੂੰ 'ਗੁਰੂ ਰਾਮ ਦਾਸ' ਦੇ ਨਾਂ ਨਾਲ ਜਗਤ ਪ੍ਰਸਿੱਧ ਕਰ ਕੇ ਆਪਣੀ ਥਾਂ ਗੱਦੀ ਤੇ ਬੈਠਾਇਆ ਅਤੇ ਜੋਤੀ ਜੋਤਿ ਸਮਾ ਗਏ।

ਗੁਰੂ ਰਾਮ ਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਹੀ ਉਨ੍ਹਾਂ ਦਾ ਹੁਕਮ ਮੰਨ ਕੇ, ਰਾਮਦਾਸ ਪੁਰਾ (ਅੰਮ੍ਰਿਤਸਰ) ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਗੁਰੂ ਅਮਰਦਾਸ ਜੀ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ 'ਰਾਮਦਾਸ ਪੁਰਾ' ਵਸਾਉਣ ਵਲ ਖਾਸ ਤੌਰ ਤੇ ਧਿਆਨ ਦਿੱਤਾ ਅਤੇ ਆਪ ਆਪਣੇ ਪਰਿਵਾਰ ਤੇ ਤਿੰਨ ਸਾਹਿਬਜ਼ਾਦਿਆਂ ਸਮੇਤ



www.AKJ.Org

ਉਥੇ ਚਲੇ ਗਏ। ਆਂਪ ਦੇ ਤਿੰਨਾਂ ਸਾਹਿਬਜ਼ਾਦਿਆਂ ਪ੍ਰਿਥੀ ਚੰਦ, ਬਾਬਾ ਮਹਾਂ ਦੇਵ ਤੇ(ਗੁਰੂ) ਅਰਜਨ ਦੇਵ ਜੀ ਦਾ ਜਨਮ ਗੋਇੰਦਦਾਲ ਵਿਖੇ ਹੀ ਗੁਰੂ ਅਮਰ ਦਾਸ ਜੀ ਦੇ ਸਮੇਂ ਹੋ ਚੁਕਾ ਸੀ।

ਬੀਬੀ ਭਾਨੀ ਜੀ ਨੇ ਰਾਮ ਦਾਸ ਪੁਰਾ ਵਿਖੇ ਰਹਿ ਕੇ ਗੁਰੂ-ਘਰ ਦੀ ਜੋ ਅਦੁਤੀ ਸੇਵਾ ਕੀਤੀ, ਉਹ ਆਪਣੀ ਮਿਸਾਲ ਆਪ ਹੈ। ਸੇਵਾ ਹੀ ਆਪ ਦੀ ਜ਼ਿੰਦਗੀ ਦਾ ਆਧਾਰ ਬਣ ਚੁਕਾ ਸੀ।

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
(ਸਿਰੀ ਰਾਗ ਮਹਲਾ ੧)

ਬਸ ਉਪਰਲੇ ਗੁਰ-ਵਾਕ ਹੀ ਆਪ ਦੇ ਜੀਵਨ ਵਿਚ ਰੋਮ ਰੋਮ ਵਿਚ ਧਸ ਚੁਕੇ ਸਨ ਅਤੇ ਆਪ ਸਾਰੀ ਆਯੂ ਇਸ ਨਿਸ਼ਾਨੇ ਤੋਂ ਕਦੇ ਚੁਕੇ ਨਹੀਂ ਸਨ।

ਗੁਰੂ ਰਾਮਦਾਸ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ੧੫੮੧ ਈਸਵੀ ਵਿਚ ਗੁਰ ਗੱਦੀ ਛੋਟੇ ਸਪੁਤਰ (ਗੁਰੂ) ਅਰਜਨ ਦੇਵ ਜੀ ਨੂੰ ਸੌਂਪ ਦਿੱਤੀ। ਇਸ ਗੱਲ ਦਾ ਪ੍ਰਿਥੀ ਚੰਦ ਨੂੰ ਭਾਰੀ ਗੁੱਸਾ ਸੀ ਕਿ ਵੱਡਾ ਪੁੱਤਰ ਮੈਂ ਹਾਂ ਅਤੇ ਗੱਦੀ ਦਾ ਹੱਕ ਮੇਰਾ ਹੈ। ਪਰ ਪ੍ਰਿਥੀ ਚੰਦ ਇਹ ਨਹੀਂ ਸੀ ਸਮਝਦਾ ਕਿ ਗੁਰ-ਗੱਦੀ ਦਾ ਵਾਰਸ ਉਹੀ ਬਣਦਾ ਹੈ ਜੋ ਧੁਰੋਂ ਆਇਆ ਮਹਾਂ-ਪੁਰਸ਼ ਹੋਏ, ਜਿਸ ਵਿਚ ਰੱਬੀ-ਗੁਣ ਨਕੋ-ਨਕ ਭਰਪੂਰ ਹੋਣ। ਬਾਬਾ ਪ੍ਰਿਥੀ ਚੰਦ ਸਾਰੀ ਉਮਰ ਹੀ ਗੁਰੂ ਅਰਜਨ ਦੇਵ ਜੀ ਨਾਲ ਵੈਰ ਕਮਾਂਦਾ ਰਿਹਾ ਅਤੇ ਇਸ ਵੈਰ ਵਿਚ ਹੀ ਪ੍ਰਾਣ ਤਿਆਗ ਦਿੱਤੇ। ਅਜਿਹੇ ਸਮੇਂ ਬੀਬੀ ਭਾਨੀ ਜੀ ਸਦਾ ਸੱਚਾਈ ਦਾ ਸਾਥ ਦਿੰਦੇ ਰਹੇ ਅਤੇ ਗੁਰੂ-ਘਰ ਨਾਲ ਸੱਚੇ ਦਿਲੋਂ ਪਿਆਰ ਕਰਦੇ ਰਹੇ। ਉਹ ਆਪਣੇ ਪਤੀ, ਗੁਰੂ ਰਾਮ ਦਾਸ ਜੀ ਦੇ ਹੁਕਮ ਨੂੰ ਸਿਰ ਮੱਥੇ ਮੰਨਦੇ ਹੋਏ, ਗੁਰੂ ਅਰਜਨ ਦੇਵ ਜੀ ਨੂੰ ਸਿਰਫ ਪੁੱਤਰ ਹੀ ਨਹੀਂ, ਬਲਕਿ ਗੁਰੂ ਸਮਝ ਕੇ ਸਤਿਕਾਰਦੇ ਰਹੇ।

ਬੀਬੀ ਭਾਨੀ ਜੀ ਦਾ ਦੇਹਾਂਤ, ਗੁਰੂ ਅਰਜਨ ਦੇਵ ਜੀ ਦੇ ਸਮੇਂ ੧੬੦੫ ਈਸਵੀ ਵਿਚ ਗੋਇੰਦਵਾਲ ਵਿਖੇ ਹੋਇਆ।

ਨੋਟ—ਗੋਇੰਦਵਾਲ ਵਿਚ ਜਿਥੇ ਬੀਬੀ ਭਾਨੀ ਜੀ ਰਸੋਈ ਬਣਾਇਆ ਕਰਦੇ ਸਨ, ਉਥੇ ਅਜੇ ਵੀ ਉਨ੍ਹਾਂ ਦੀ ਯਾਦਗਾਰ ਵਿਚ ਬੀਬੀ ਭਾਨੀ ਜੀ ਦੇ ਚੁਲ੍ਹੇ ਦੇ ਸਿਖ-ਸੰਗਤਾਂ ਦਰਸ਼ਨ ਪਰਸਦੀਆਂ ਹਨ, ਜੋ ਪ੍ਰਾਣੀ ਮਾਤਰ ਨੂੰ ਅਤੁਟ ਸੇਵਾ ਵਲ ਪ੍ਰੇਰਦੀ ਹੈ।

---

[੧੮ ਸਫ਼ੇ ਦੀ ਬਾਕੀ]

ਖ਼ਾਨ ਦੇ ਦੂਜੇ ਦਸਤੇ ਨੂੰ ਵੀ ਪਿਛੇ ਹਟਣਾ ਪਿਆ ਸੀ। ਹੁਣ ਪੂਰਬੀਏ ਮਨਸਾ ਰਾਮ ਅਤੇ ਦਇਆ ਰਾਮ ਦੇ ਦਸਤੇ ਬੁਲਾਏ ਗਏ। ਉਹਨਾਂ ਆ ਕੇ ਮੋਮਨ ਖ਼ਾਨ ਨੂੰ ਦਮ ਦਿਵਾਇਆ। ਸਿੰਘ ਗਿਣਤੀ ਦੇ ਹੀ ਸਨ, ਆਖ਼ਰ ਕਦ ਤੀਕ ਲੜਦੇ। ਜੰਡਾਂ ਕਰੀਰਾਂ ਦੀ ਓਟ ਲੈ ਲੈ ਕੇ ਲੜੀ ਜਾਂਦੇ ਸਨ। ਇਉਂ ਸਾਰਾ ਦਿਨ ਲੜਦੇ ਲੜਦੇ, ਸੂਰਜ ਡੁਬਣ ਤੋਂ ਪਹਿਲਾਂ ਪਹਿਲਾਂ ੨੧ ਦੇ ੨੧ ਸਿੰਘ ਸ਼ਹੀਦੀਆਂ ਪਾ ਗਏ। ਕਿਸੇ ਨੇ ਪਿਠ ਨਹੀਂ ਵਿਖਾਈ, ਕਦਮ ਪਿਛੇ ਨਹੀਂ ਪੁਟਿਆ, ਸਗੋਂ ਸ਼ੇਰਾਂ ਵਾਂਗ ਹਮਲੇ ਮਾਰ ਮਾਰ ਕੇ ਜੂਝਦੇ ਰਹੇ। ਇਹ ਸਾਕਾ ਮਾਘ ਵਦੀ ੪ ਸੰਮਤ ੧੮੮੯, ਭਾਵ ਦਸੰਬਰ ਜਨਵਰੀ ੧੭੩੨-੩੩ ਦਾ ਹੈ। ਇਸ ਸਾਲ ਇਹ ਦਿਨ ੯ ਜਨਵਰੀ ਨੂੰ ਹੈ। ਸ਼ਹੀਦ ਤਾਰਾ ਸਿੰਘ ਜੀ ਉਸ ਸਮੇਂ ੩੦ ਵਰ੍ਹੇ ਦੇ ਭਰ ਜਵਾਨ ਸਨ।

ਇਨ੍ਹਾਂ ਸ਼ਹੀਦਾਂ ਦੀ ਅਜ ਭੀ ਵਾਂ ਪਿੰਡ ਵਿਚ ਯਾਦਗਾਰ ਹੈ। ਸ਼ਹੀਦੀ ਅਸਥਾਨ ੪ ਵਿਘੇ ਥਾਂ ਦੇ ਉਦਾਲੇ ਉਦਾਲੇ ਕੰਧ ਕੱਢੀ ਗਈ ਹੈ ਅਤੇ ਇਸਦਾ ਨਾਮ ਸ਼ਹੀਦ ਗੰਜ ਹੈ। ਸ਼ਹੀਦਾਂ ਦੇ ਸਨਮਾਨ ਵਜੋਂ ਅਜ ਭੀ ਸ਼ਹੀਦ ਗੰਜ ਗੁਰਦੁਆਰੇ ਦੇ ਅਹਾਤੇ ਅੰਦਰ ਕੋਈ ਭੀ ਮੰਜੀ ਉਪਰ ਨਹੀਂ ਸੌਂਦਾ। ਸਭ ਭੂਮ-ਆਸਨ ਕਰਦੇ ਹਨ।

ਭਾਈ ਤਾਰਾ ਸਿੰਘ ਵਾਂ ਦਾ ਸ਼ਹੀਦੀ ਸਾਕਾ ਸਿਖ ਇਤਿਹਾਸ ਵਿਚ ਅਤੇ ਪੰਜਾਬ ਦੇ ਇਤਿਹਾਸ ਵਿਚ ਇਕ ਅਦੁੱਤੀ ਘਟਨਾ ਮੰਨੀ ਜਾਂਦੀ ਹੈ। ਇਹ ਅਮਰ ਪੂਰਨੇ ਹਨ ਜੋ ਗੁਰੂ ਕੇ ਸਚਿਆਰ ਸਿਖਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਏ ਹਨ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ : ਪਦ-ਛੇਦ ਸਰੂਪ

## *ਇਕ ਗੰਭੀਰ ਮਸਲਾ*

[ਵਲੋਂ : ਸ: ਮਨਮੋਹਨ ਸਿੰਘ ਜੀ Msc., ਨਵੀਂ ਦਿੱਲੀ]

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਬਾਣੀ 'ਧੁਰ' ਕੀ ਬਾਣੀ ਹੈ। ਇਹ ਅਕਾਲ ਪੁਰਖ ਦਾ ਸਹੀ ਤੇ ਅਟੱਲ ਚਿਤਰ ਹੈ। ਕੇਵਲ ਏਸੇ ਗੁਰਬਾਣੀ ਦੁਆਰਾ ਹੀ ਅਕਾਲ ਪੁਰਖ, ਅਲੱਖ ਕਾਦਰ ਦੀ ਲੱਖਤਾ ਪ੍ਰਾਪਤ ਹੋ ਸਕਦੀ ਹੈ। ਹੋਰ ਮਤਾਂ ਦੇ ਗ੍ਰੰਥ ਕੇਵਲ 'ਧਰਮ' ਗ੍ਰੰਥ ਹਨ। ਉਨ੍ਹਾਂ ਵਿਚ ਆਪੋ ਆਪਣੇ ਧਰਮਾਂ ਦੀ ਵਿਆਖਿਆ ਜਾਂ ਧਰਮ-ਸੰਚਾਲਕਾਂ ਦੇ ਜੀਵਨ-ਬ੍ਰਿਤਾਂਤ ਜਾਂ ਕਥਾ-ਕਹਾਣੀਆਂ ਮਨੁੱਖੀ ਜੀਵਨ ਦੀ ਅਗਵਾਈ ਦੇ ਸਾਧਨ ਰੂਪ ਵਿਚ ਦਰਜ ਹਨ। ਪਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ 'ਧਰਮ' ਗ੍ਰੰਥ ਨਹੀਂ ਹਨ। ਇਸ ਵਿਚ ਇਕ ਖ਼ਾਸ ਵਿਲੱਖਣਤਾ ਤੇ ਵਿਸ਼ੇਸ਼ਤਾ ਹੈ। ਕੇਵਲ ਇਹੋ ਹੀ ਇਕ ਮਹਾਨ ਗ੍ਰੰਥ ਹਨ। ਇਹ ਸੱਚੇ ਗੁਰੂ ਹਨ। ਸੱਚੇ ਗੁਰੂ ਦੀ ਸੱਚੀ ਬਾਣੀ ਹੋਣ ਕਰਕੇ ਇਹ ਬਾਣੀ ਮਨੁੱਖੀ ਅਲਪਗ ਬੁਧੀ ਦੀ ਵੀਚਾਰ-ਸ਼ਕਤੀ ਤੋਂ ਬਹੁਤ ਉੱਚੀ ਹੈ। ਸੱਚੇ ਸਤਿਗੁਰੂ ਹੋਣ ਦੇ ਨਾਤੇ ਇਹ ਆਪ ਹੀ ਪਰਮ ਕਿਰਪਾਲਤਾ ਵਿਚ ਆ ਕੇ ਜਗਿਆਸੂ ਦੀ ਮਾਨਸਕ ਤੇ ਆਤਮਕ ਅਵਸਥਾ ਅਨੁਸਾਰ, ਉਸ ਨੂੰ ਸੋਝੀ ਬਖ਼ਸ਼ਦੇ ਹਨ। ਇਥੇ ਕੋਈ ਵਿਦਵਤਾ, ਦੁਨਿਆਵੀ ਸੂਝ ਬੂਝ ਤੇ ਪੁਜ਼ੀਸ਼ਨ ਸਹਾਈ ਨਹੀਂ ਹੋ ਸਕਦੀ।

ਇਹ ਗ੍ਰੰਥ ਜੀ ਚੂੰਕਿ 'ਗੁਰੂ' ਰੂਪ ਹਨ, ਇਸ ਲਈ ਇਨ੍ਹਾਂ ਦੀ ਰੂਪ-ਰੇਖਾ ਬਦਲਣ ਦਾ ਅਧਿਕਾਰ ਕਿਸੇ ਮਨੁੱਖ ਜਾਂ ਮਨੁੱਖੀ ਸੰਸਥਾ ਨੂੰ ਨਹੀਂ ਤੇ ਨਾ ਹੀ ਕਿਸੇ ਪਾਸ ਅਜਿਹਾ ਕਰਨ ਦੀ ਸਮਰਥਾ ਹੀ ਹੈ। ਐਸਾ ਯਤਨ 'ਕੋਹੜ ਕਿਰਲੀ ਦਾ ਛਤੀਰਾਂ ਨੂੰ ਜੱਫਾ ਪਾਉਣ' ਦੇ ਤੁਲ ਹੈ। ਜਿਸ ਪਾਵਨ ਰੂਪ ਵਿਚ ਪੰਚਮੇਸ਼ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਨ੍ਹਾਂ ਨੂੰ ਸੰਪਾਦਨ ਕੀਤਾ ਤੇ ਜਿਸ ਪਾਵਨ ਸਰੂਪ ਵਿਚ ਦਸਮੇਸ਼ ਪਿਤਾ ਜੀ ਨੇ ਸੰਪੂਰਨਤਾ ਦੇ ਕੇ ਇਨ੍ਹਾਂ ਨੂੰ 'ਗੁਰੂ' ਪਦਵੀ ਨਾਲ ਸਸ਼ੋਭਤ ਕੀਤਾ, ਉਸ ਸਰੂਪ ਨੂੰ ਆਪਣੇ ਮਨ ਦੀ ਮੱਤ ਤੇ ਅਲਪਗ ਸੂਝ-ਬੂਝ ਦੇ ਅਧਾਰ ਤੇ ਬਦਲਣਾ ਸਤਿਗੁਰੂ ਜੀ ਦੀ ਬੜੀ ਭਾਰੀ ਅਵਗਿਆ ਹੈ, ਇਸ ਲਈ ਪਦ-ਛੇਦ ਕਰ ਕੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਬਦਲਣਾ ਬੜੀ ਭਾਰੀ ਭੁੱਲ ਤੇ ਮਨਮੱਤ ਹੈ ਅਤੇ ਇਸਦੇ ਬੜੇ ਭਿਆਨਕ ਨਤੀਜੇ ਨਿਕਲ ਸਕਦੇ ਹਨ। ਸਿਖ ਗੁਰ-ਅਸਥਾਨਾਂ ਦੀ ਪ੍ਰਮੁਖ ਜਥੇਬੰਦੀ ਸ਼੍ਰੋਮਣੀ ਗੁ: ਪ੍ਰ: ਕਮੇਟੀ, ਜਿਸ ਨੇ ਗੁਰਸਿਖ ਰਹਿਣੀ ਤੇ ਗੁਰਮਤਿ ਮਰਯਾਦਾ ਨੂੰ ਤੱਤ ਗੁਰਮਤਿ ਦੇ ਅਨੁਸਾਰੀ ਕਾਇਮ ਰੱਖਣ ਲਈ ਕਰੜਾ ਪਹਿਰਾ ਦੇਣਾ ਸੀ, ਹੁਣ ਉਹ ਹੀ ਸੰਸਥਾ ਇਸ ਮਨਮਤ ਦੇ ਰੋੜ੍ਹ ਵਿਚ ਰੁੜ੍ਹ ਰਹੀ ਹੈ।

ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਕੁਝ ਖ਼ਾਸ ਕਾਰਨਾਂ ਦੀ ਮਜਬੂਰੀ ਵਿਚ ਇਹ ਕਦਮ ਚੁਕ ਰਹੀ ਹੈ। ਪਹਿਲੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਪੰਥ ਵਿਚ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਸਰੂਪ ਆਮ ਪ੍ਰਚਲਤ ਹਨ। ਵੱਖੋ ਵਖ ਛਾਪੇ-ਖ਼ਾਨਿਆਂ ਵਿਚ ਛਪੇ ਜਾਂ ਇਕੋ ਛਾਪੇ-ਖ਼ਾਨੇ ਵਿਚ ਵਖੋ ਵਖ ਸਮੇਂ ਛਪੇ ਸਰੂਪਾਂ ਦੇ ਪਦ-ਛੇਦ ਵਿਚ ਵੀ ਬਹੁਤ ਫ਼ਰਕ ਹਨ। ਪ੍ਰਾਈਵੇਟ ਦੁਕਾਨਦਾਰਾਂ ਪਾਸ ਮੌਜੂਦ ਹਰ ਸਰੂਪ ਦੂਜੇ ਨਾਲੋਂ ਵਿਲੱਖਣ ਹੈ, ਇਸ ਲਈ ਇਕ ਸਟੈਂਡਰਡ ਪਦ-ਛੇਦ ਸਰੂਪ ਦੀ ਲੋੜ ਨੂੰ ਮਹਿਸੂਸ ਕਰ ਕੇ ਇਹ ਕਦਮ ਚੁਕਿਆ ਜਾ ਰਿਹਾ ਹੈ। ਤਾਂ ਜੁ ਆਮ ਸਿਖ ਜਨਤਾ ਨੂੰ ਗੁਰਬਾਣੀ ਦਾ ਸ਼ੁਧ ਤੇ ਸਪੱਸ਼ਟ ਪਾਠ ਕਰਨ ਵਿਚ ਸਹਾਇਤਾ ਮਿਲ ਸਕੇ। ਇਹ ਵੀ ਦਸਿਆ ਜਾਂਦਾ ਹੈ ਕਿ ਹੁਣ ਤਕ ਹੋਈ ਖੋਜ ਅਨੁਸਾਰ, ਹੁਣ ਗਿਣਤੀ ਦੇ ਕੁਝ ਅੱਖਰ ਹੀ ਐਸੇ ਰਹਿ ਗਏ ਹਨ ਜਿਨ੍ਹਾਂ ਦੇ ਪਾਠਾਂਤਰ ਤੇ ਪਦ-ਛੇਦ ਸੰਬੰਧੀ



www.AKJ.Org

ਮੱਤ-ਭੇਦ ਹਨ। ਇਨ੍ਹਾਂ ਭੇਦਾਂ ਨੂੰ ਵੀ ਸਹਿਜੇ ਹੀ ਪੰਥ ਦੇ ਵਿਦਵਾਨ ਇਕੱਠੇ ਬੈਠ ਕੇ ਦੂਰ ਕਰ ਸਕਦੇ ਹਨ।

ਪਰ ਇਥੇ ਪ੍ਰਸ਼ਨ ਇਹ ਨਹੀਂ ਕਿ ਸ਼ੁਧ ਪਾਠਾਂਤਰ ਵਿਚ ਕਿਨੇ ਕੁ ਮੱਤ-ਭੇਦ ਹਨ। ਸਵਾਲ **ਮੁੱਢਲੇ ਸਿਧਾਂਤ ਦਾ ਹੈ। ਇਹ 'ਗੁਰੂ ਗ੍ਰੰਥ ਜੀ ਹਨ। 'ਧਰਮ' ਗ੍ਰੰਥ ਨਹੀਂ।** ਇਨ੍ਹਾਂ ਵਿਚ ਅੰਕਿਤ 'ਧੁਰ' ਕੀ ਬਾਣੀ ਦੇ ਸ਼ੁਧ ਤੇ ਸਪੱਸ਼ਟ ਪਾਠਾਂਤਰਾਂ ਸੰਬੰਧੀ ਕੋਈ ਵੱਡੀ ਤੋਂ ਵੱਡੀ ਮਨੁੱਖੀ ਸੰਸਥਾ ਗੂੰਟੀ ਨਹੀਂ ਦੇ ਸਕਦੀ। ਸਰਬਗ ਸਤਿਗੁਰੂ ਦੀ ਸਰਬਗ ਬਾਣੀ ਦੇ ਸ਼ੁਧ ਅਸ਼ੁਧ ਪਾਠਾਂਤਰ ਦਾ ਨਿਰਣਾ ਅਲਪਗ ਜੀਵ ਨੇ ਆਪਣੀ ਅਲਪਗ ਬੁਧੀ ਤੇ ਮਨ ਦੀ ਮੱਤ ਅਨੁਸਾਰ ਹੀ ਕਰਨਾ ਹੈ ਅਤੇ ਇਸ ਅਧਾਰ ਤੇ ਸਤਿਗੁਰੂ ਜੀ ਦੇ ਪਾਵਨ ਸਰੂਪ ਨੂੰ ਬਦਲਣਾ ਇਸ ਵਿਚ ਅਲਪਗ ਮਨਾਂ ਦੀ ਮੱਤ ਦਾ ਮਿਲਗੋਭਾ ਕਰਨਾ ਹੈ।

ਤਾਂ ਫਿਰ ਕੀ ਸ਼ੁਧ ਪਾਠਾਂਤਰ ਤੇ ਪਦ-ਛੇਦ ਸੁਧਾਈ ਦਾ ਯਤਨ ਨਾ ਕੀਤਾ ਜਾਵੇ? ਜ਼ਰੂਰ ਕੀਤਾ ਜਾਵੇ। ਪਰ ਉਸ ਨੂੰ ਉਸੇ ਤਰ੍ਹਾਂ ਤੇ ਉਸ ਰੂਪ ਵਿਚ ਪ੍ਰਚਲਤ ਤੇ ਪ੍ਰਗਟ ਕੀਤਾ ਜਾਵੇ ਜਿਵੇਂ ਕਿ ਅਗੇ ਸ਼ਬਦਾਰਥ ਪੋਥੀਆਂ, ਗੁਟਕੇ ਜਾਂ ਸੈਂਚੀਆਂ ਪੋਥੀਆਂ ਛਾਪੀਆਂ ਜਾ ਰਹੀਆਂ ਹਨ ਤਾਂਕਿ ਜੋ ਗੁਰਸਿਖ ਜਾਂ ਹੋਰ ਜਨਤਾ ਪਾਠ ਦੀ ਬਕਾਇਦਾ ਸਿਖਲਾਈ ਦੀ ਖੇਚਲ ਨਹੀਂ ਸਹਿਣਾ ਚਾਹੁੰਦੇ ਉਹ ਇਨ੍ਹਾਂ ਸੈਂਚੀਆਂ ਤੇ ਪੋਥੀਆਂ ਤੋਂ ਪਾਠ ਕਰਨ ਤੇ ਸਮਝਣ ਲਈ ਸਹੌਇਤਾ ਲੈ ਸਕਣ। ਪਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਭੰਗ ਤੇ ਇੰਨ ਬਿੰਨ ਉਸੇ ਤਰ੍ਹਾਂ ਰਹਿਣਾ ਅਤਿ ਜ਼ਰੂਰੀ ਹੈ, ਜਿਸ ਵਿਚ ਸਰਬਗ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਖ਼ੁਦ ਸਸ਼ੋਭਤ ਕੀਤਾ ਤੇ ਗੁਰਿਆਈ ਬਖਸ਼ੀ।

ਇਕ ਹੋਰ ਦਲੀਲ ਦਿਤੀ ਜਾਂਦੀ ਹੈ ਕਿ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਮੁੱਢਲਾ ਸਰੂਪ ਹੀ ਰਹਿਣਾ ਚਾਹੀਦਾ ਹੈ ਤਾਂ ਉਹ ਸਰੂਪ ਤਾਂ ਹਸਤ-ਲਿਖਤ ਸੀ। ਇਸ ਲਈ ਹੁਣ ਛਾਪੇਖ਼ਾਨੇ ਵਿਚ ਛਾਪਣਾ ਵੀ ਨਹੀਂ ਚਾਹੀਦਾ। ਕਿਸੇ ਹੱਦ ਤਕ ਇਹ ਦਲੀਲ ਠੀਕ ਵੀ ਹੈ, ਸਚਮੁਚ ਹੀ ਜੇਕਰ ਛਾਪੇਖ਼ਾਨੇ ਵਿਚ ਇਸ ਪਾਵਨ ਸ੍ਰੀ ਗੁਰੂ ਗ੍ਰੰਥ ਜੀ ਨੂੰ ਛਾਪਣ ਦੀ ਪਰਪਾਟੀ ਨਾ ਚਲਦੀ ਤਾਂ ਇਸ ਦੀ ਉਹ ਬੇਅਦਬੀ ਨਾ ਹੁੰਦੀ ਜੋ ਹੁਣ ਛਾਪੇਖ਼ਾਨਿਆਂ ਵਿਚ, ਦੁਕਾਨਦਾਰਾਂ ਦੇ ਸਟੋਰਾਂ ਤੇ ਦੁਕਾਨਾਂ ਵਿਚ ਤੇ ਆਮ ਘਰਾਂ ਵਿਚ ਹੋ ਰਹੀ ਹੈ। ਗੁਰਸਿਖਾਂ ਵਿਚ ਪਾਵਨ ਸ੍ਰੀ ਗ੍ਰੰਥ ਸਾਹਿਬ ਪ੍ਰਤਿ ਸ਼ਰਧਾ ਤੇ ਪ੍ਰੇਮ ਹੁਣ ਨਾਲੋਂ ਕਿਤੇ ਵੱਧ ਹੁਦਾ। ਪਰ ਇਸ ਦਲੀਲ ਨੂੰ ਹੋਰ ਵਧਾਇਆ ਜਾਵੇ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੋ ਪਾਵਨ ਸਰੂਪ ਗੁਰ-ਗੱਦੀ ਦੀ ਪਦਵੀ ਨਾਲ ਸਸ਼ੋਭਤ ਹੋਏ ਸਨ, ਉਹ ਖ਼ਾਸ ਸਰੂਪ ਹੀ ਸਤਿਗੁਰੂ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਸਰੂਪ ਵਜੂਦ ਵਿਚ ਲਿਆਉਣਾ ਹੀ ਅਯੋਗ ਹੈ। ਪਰ ਇਨ੍ਹਾਂ ਦਲੀਲ-ਬਾਜ਼ੀਆਂ ਵਿਚ ਪੈਣ ਦੀ ਥਾਵੇਂ ਅਸਾਂ ਮੁੱਢਲਾ ਸਿਧਾਂਤ ਲੈਣਾ ਹੈ ਕਿ ਗੁਰਬਾਣੀ ਜਿਸ ਢੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ, ਉਸੇ ਢੰਗ ਵਿਚ ਕਾਇਮ ਰਖੀ ਜਾਵੇ—ਭਾਵੇਂ ਹਸਤ-ਲਿਖਤ ਹੋਵੇ ਜਾਂ ਛਾਪਿਆਂ ਦੇ ਰੂਪ ਵਿਚ। ਪਦ-ਛੇਦ ਢਗ ਵਿਚ ਪਾਵਨ ਬੀੜ ਨੂੰ ਛਾਪਣ ਜਾਂ ਲਿਖਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨ ਦੀ ਮੱਤ ਦਾ ਮਿਲਗੋਭਾ ਹੋ ਜਾਣ ਨਾਲ ਗੁਰਬਾਣੀ ਦੀ ਅਗਾਧ ਬੋਧ ਪਾਰਸ-ਕਲਾ ਨਹੀਂ ਰਹਿ ਜਾਂਦੀ।

ਫਿਰ ਹੋਰ ਕਿਹਾ ਜਾਂਦਾ ਹੈ ਕਿ ਚਾਹੇ ਸ਼੍ਰੋਮਣੀ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਦੋਨਾਂ ਨੇ ਇਸ ਪਦ-ਛੇਦ ਸਰੂਪ ਨੂੰ ਨਾ ਛਾਪਣ ਲਈ ਮਤੇ ਪਾਸ ਕੀਤੇ ਸਨ, ਪਰ ਵਿਉਪਾਰੀ ਤਬਕੇ ਨੇ ਆਪਣੇ ਨਿੱਜੀ ਲਾਭ ਨੂੰ ਮੁੱਖ ਰਖਦਿਆਂ ਉਨ੍ਹਾਂ ਮਤਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਪਦ-ਛੇਦ ਸਰੂਪ ਛਾਪੇ ਅਤੇ ਛਾਪ ਰਹੇ ਹਨ। ਇਹ ਸਰੂਪ ਇੰਨੇ ਪ੍ਰਚਲਤ ਹੋ ਗਏ ਹਨ ਕਿ ਸ਼੍ਰੋਮਣੀ ਕਮੇਟੀ ਦੇ ਛਾਪੇ ਅਖੰਡ ਸਰੂਪਾਂ ਦੀ ਮੰਗ ਲਗ ਪਗ ਖ਼ਤਮ ਹੋ ਗਈ ਹੈ। ਇਸੇ ਲਈ ਮਜਬੂਰ ਹੋ ਕੇ ਸ਼੍ਰੋਮਣੀ



www.AKJ.Org

ਕਮੇਟੀ ਨੂੰ ਪਦ-ਛੇਦ ਸਰੂਪ ਛਾਪਣੇ ਪੈ ਰਹੇ ਹਨ। ਇਹ ਦਲੀਲ ਬਹੁਤ ਹੀ ਨਿਰਾਲੀ ਤੇ ਧਾਰਮਕ ਪੱਖ ਤੋਂ ਬਿਲਕੁਲ ਹੋਛੀ ਹੈ। **ਇਸ ਦਾ ਭਾਵ ਤਾਂ ਇਹ ਹੋਇਆ ਕਿ ਉਹ ਮਨਮੱਤ ਜੋ ਆਮ ਪ੍ਰਚਲਤ ਹੋ ਜਾਵੇ ਉਸ ਨੂੰ ਗੁਰਮਤਿ ਦਾ ਦਰਜਾ ਦੇ ਦਿਤਾ ਜਾਵੇ।** ਇਕ ਤਰ੍ਹਾਂ ਸ਼੍ਰੋਮਣੀ ਕਮੇਟੀ ਤੇ ਆਮ ਦੁਕਾਨਦਾਰ ਇਕੋ ਹੀ ਪੱਧਰ ਦੇ ਨਿਰੋਲ ਬਿਉਪਾਰੀ ਹੀ ਬਣ ਗਏ। ਗੁਰਮਤਿ ਕੀ ਹੈ, ਇਸ ਨਾਲ ਦੋਹਾਂ ਨੂੰ ਕੋਈ ਸਰੋਕਾਰ ਨਹੀਂ। ਚਾਹੀਦਾ ਤਾਂ ਇਹ ਸੀ ਕਿ ਕਮੇਟੀ ਤੇ ਹੋਰ ਮੁਖੀ ਸੰਸਥਾਵਾਂ ਕੋਈ ਐਸਾ ਢੰਗ ਕਢਦੀਆਂ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਪ੍ਰਾਈਵੇਟ ਛਪਾਈ ਤੇ ਬਜ਼ਾਰਾਂ ਵਿਚ ਵਿਕਰੀ ਬੰਦ ਹੋ ਸਕੇ। ਪਰ ਇਹ ਚੂੰਕਿ ਕੁਝ ਔਖਾ ਕੰਮ ਲਗਦਾ ਹੈ ਇਸ ਲਈ ਸੁਖੈਨ ਰਾਹ ਇਹ ਕਢਿਆ ਗਿਆ ਕਿ ਇਹ ਪ੍ਰਮੁਖ ਸੰਸਥਾ ਆਮ ਦੁਕਾਨਦਾਰਾਂ ਦੀ ਪੱਧਰ ਤੇ ਡਿਗ ਕੇ, ਨਿਰੋਲ ਵਿਉਪਾਰੀ ਨੁਕਤੇ ਨਾਲ ਸੋਚ ਕੇ, ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਭੰਗ ਕਰਨ ਦੇ ਪਾਪ ਦੀ ਭਾਗੀ ਬਣ ਜਾਵੇ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਜੀ ਦੀ ਅਵਗਿਆ ਰੂਪੀ ਪਾਪ ਤਾਂ ਹੈ ਹੀ, ਪਰ ਇਸ ਦੇ ਹੋਰ ਵੀ ਬਹੁਤ ਖ਼ਤਰਨਾਕ ਨਤੀਜੇ ਨਿਕਲਣ ਦਾ ਡਰ ਹੈ। ਖ਼ੁਦਗਰਜ਼, ਮਤਲਬ-ਪ੍ਰਸਤ ਤੇ ਸੁਖ-ਰਹਿਣੇ ਲੋਗ ਜੋ ਗੁਰਮਤਿ ਦੇ ਅਸੂਲਾਂ ਨੂੰ ਆਪਣੀ ਕੁਬੁਧੀ ਅਨੁਸਾਰ ਢਾਲਣਾ ਚਾਹੁਣਗੇ, ਉਹ ਜਿਵੇਂ ਚਾਹੁਣ ਮਨ-ਭਾਉਂਦੀਆਂ ਤਬਦੀਲੀਆਂ ਕਰਾ ਸਕਣਗੇ। ਕਰਾ ਸਕਣਗੇ ਹੀ ਨਹੀਂ, ਕਰਾ ਰਹੇ ਹਨ। ਜਿਵੇਂ ਕਿ ਪੁਰਾਤਨ ਸਮੇਂ ਤੋਂ ਸੀਨਾ-ਬ-ਸੀਨਾ ਚਲੀ ਆ ਰਹੀ ਤੱਤ ਗੁਰਮਤਿ ਮਰਯਾਦਾ ਅਨੁਸਾਰ 'ਅੰਮ੍ਰਿਤ' ਛਕਾਉਣ ਸਮੇਂ ਅੰਮ੍ਰਿਤ ਵੇਲੇ ਦੇ ਨਿਤਨੇਮ ਦੀਆਂ ਪੰਜਾਂ ਬਾਣੀਆਂ ਨੂੰ ਸੁਖ-ਰਹਿਣੇ ਤੇ ਆਰਾਮ-ਪ੍ਰਸਤ ਸਿਖਾਂ ਦੀ ਸਹੂਲਤ ਨੂੰ ਮੁਖ ਰਖਦਿਆਂ ਹੋਇਆਂ, ਘਟਾ ਕੇ ਤਿੰਨ ਬਾਣੀਆਂ ਕਰ ਦਿਤਾ ਗਿਆ ਹੈ। ਪਿਛੇ ਜਿਹੇ ਇਕ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਨੇ ਆਪਣੇ ਲੈਕਚਰ ਵਿਚ ਇਥੋਂ ਤਕ ਕਿਹਾ ਕਿ ਹਾਲੇ ਵੀ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਜ਼ਿਆਦਾ ਹਨ ਤੇ ਅਜੋਕੇ ਬਹੁਤ ਰੁਝੇਵੇਂ ਵਾਲੇ ਸਮੇਂ ਵਿਚ ਇਨ੍ਹਾਂ ਨੂੰ ਹੋਰ ਘਟਾਣ ਸੰਬੰਧੀ ਵੀ ਪੰਥਕ ਪੱਧਰ ਤੇ ਵਿਚਾਰ ਹੋ ਸਕਦੀ ਹੈ। "ਅੰਮ੍ਰਿਤ" (ਖੰਡੇਧਾਰ ਪਾਹੁਲ) ਤਿਆਰ ਕਰਨ ਸਮੇਂ ਅਨੰਦ ਸਾਹਿਬ ਦਾ ਪੂਰਾ ਪਾਠ ਕਰਨ ਦੀ ਪੁਰਾਤਨ ਤੱਤ ਮਰਯਾਦਾ ਨੂੰ ਬਦਲ ਕੇ ਹੁਣ ਕੇਵਲ ਛੇ ਪਉੜੀਆਂ ਦਾ ਪਾਠ ਕਰਨ ਦੀ ਪਰਪਾਟੀ ਪਰਚੱਲਤ ਕਰ ਦਿਤੀ ਗਈ ਹੈ। ਕੋਈ ਸਮਾਂ ਸੀ ਕਿ ਪਵਿਤਰ ਗੁਰਧਾਮਾਂ ਦੀ ਸਟੇਜ ਤੇ ਸ੍ਰੀ ਅਖੰਡ ਪਾਠ ਵਿਚ ਕੇਵਲ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਸਿੰਘਣੀਆਂ ਹੀ ਕੀਰਤਨ ਪਾਠ ਆਦਿ ਦੀ ਸੇਵਾ ਕਰ ਸਕਦੇ ਸਨ, ਹੁਣ ਇਹ ਪਾਬੰਦੀ ਵੀ ਹਟਾ ਦਿਤੀ ਗਈ ਹੈ। ਪਹਿਲੋਂ ਪਹਿਲ ਸ੍ਰੀ ਅਕਾਲ ਤਖ਼ਤ ਤੇ ਸਿਖ ਵੀਰ ਭੈਣਾਂ ਨੂੰ ਛੋਟੀ ਦਸਤਾਰ ਸਜਾ ਕੇ ਹੀ 'ਖੰਡ ਧਾਰ ਪਾਹੁਲ' ਜਾਂ 'ਅੰਮ੍ਰਿਤ' ਛਕਾਇਆ ਜਾਂਦਾ ਸੀ, ਪਰ ਹੌਲੀ ਹੌਲੀ ਸੁਖ-ਰਹਿਣੀ ਤੇ ਫ਼ੈਸ਼ਨ-ਪ੍ਰਸਤੀ ਦੇ ਦਬਾ ਹੇਠ ਇਹ ਗੁਰਮਤਿ ਮਰਯਾਦਾ ਭੀ ਭੰਗ ਕਰ ਦਿਤੀ ਗਈ ਹੈ। ਅਸਲ ਵਿਚ ਜੀਵਨ ਪ੍ਰਦਾਨ ਕਰਨਹਾਰੀ ਤੇ ਨਾਮ ਦ੍ਰਿੜ੍ਹਾਵਣ ਸਮਰੱਥ ਇਹ ਤੱਤ ਗੁਰਮਤਿ ਮਰਯਾਦਾ, ਜੋ ਪਾਵਨ ਖੰਡੇਧਾਰ ਪਾਹੁਲ ਦੇ ਰੂਪ ਵਿਚ ਦਸਮੇਸ਼ ਪਿਤਾ ਜੀ ਨੇ ਸਿਖ ਪੰਥ ਨੂੰ ਬਖਸ਼ੀ, ਇਸ ਨੂੰ ਨਿਰੀ ਰਸਮ ਜਿਹੀ ਵਿਚ ਬਦਲ ਦਿਤਾ ਜਾ ਰਿਹਾ ਹੈ, ਜਿਸ ਦਾ ਸਿੱਟਾ ਸਭ ਦੇ ਸਾਹਮਣੇ ਹੈ। ਹੋਰ ਤਾਂ ਹੋਰ, ਹੁਣੇ ਪਿਛੇ ਜਿਹੇ ਹੀ ਅੰਮ੍ਰਿਤ ਬਾਣੀਆਂ ਵਿਚੋਂ 'ਹਮਰੀ ਕਰੋ ਹਾਥ ਦੈ ਰੱਛਾ' ਵਾਲੀ ਬੇਨਤੀ ਚੌਪਈ ਸੰਬੰਧੀ ਇਹ ਕਹਿ ਕੇ ਕਢਣ ਦਾ ਯਤਨ ਹੋ ਰਿਹਾ ਹੈ ਕਿ ਇਹ ਬਾਣੀ ਦਸਮੇਸ਼-ਰਚਨਾ ਹੀ ਨਹੀਂ। ਇਸ ਪੱਖ ਦੀ ਵਿੰਗੀ ਸਿੱਧੀ ਪ੍ਰੋੜ੍ਹਤਾ ਸ਼੍ਰੋਮਣੀ ਕਮੇਟੀ ਨੇ ਗਿਆਨੀ ਭਾਗ ਸਿੰਘ ਅੰਬਾਲੇ ਵਾਲੇ ਨੂੰ ਲਿਖੀ ਇਕ ਚਿੱਠੀ ਰਾਹੀਂ ਕਰ ਵੀ ਦਿੱਤੀ ਹੈ। ਪੰਥ ਹਿਤੈਸ਼ੀ ਵੀਰ ਤੇ ਭੈਣਾਂ ਜ਼ਰਾ ਸੋਚਣ ਕਿ ਗੁਰਮਤਿ ਮਰਯਾਦਾ ਨੂੰ ਹੌਲੀ ਹੌਲੀ ਕਿਸ ਤਰ੍ਹਾਂ ਭੰਗ ਕੀਤਾ

[ ਬਾਕੀ ਵੇਖੋ ਸਫ਼ਾ ੨੭ ਦੇ ਹੇਠ ]



www.AKJ.Org

# ਨਾਮ-ਭਗਤੀ

[ਵਲੋਂ:-ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਜਗਤ-ਰਚਨਾ ਦਾ ਰਚਨਹਾਰ ਰਾਮ ਅਦ੍ਰਿਸ਼ਟ ਹੈ, ਅਗੋਚਰ ਹੈ। ਉਸ ਦਾ ਗਿਆਨ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ।

ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦ ਬਤਾਵੈ ॥੩॥੩॥ [ਬਿਲਾਵਲੁ ਮਹਲਾ ੯

ਭਗਤਿ ਬਿਨਾ ਸਹਸਾ ਨਹੀ ਚੂਕੈ
ਗੁਰੁ ਇਹੁ ਭੇਦੁ ਬਤਾਵੈ ॥੧॥ਰਹਾਉ॥੮॥
[ਬਿਲਾਵਲੁ ਮਹਲਾ ੯

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥੩॥
[ਬਸੰਤੁ ਮ: ੯

ਇਹ ਗਿਆਨ 'ਨਾਮ' ਹੈ, ਜਿਸ ਦੀ ਬਰਕਤ ਨਾਲ ਮਨੁੱਖ ਦਾ ਜਨਮ ਜਨਮਾਂਤਰਾਂ ਦਾ ਸੰਸਾ ਮਿਟ ਜਾਂਦਾ ਹੈ ਤੇ ਮਨੁੱਖ ਆਪਣੇ ਆਪ ਵਿਚ ਲੀਨ ਹੋ ਜਾਂਦਾ ਹੈ। ਸੋ ਨਾਮ ਸਾਰੇ ਸੰਸਾਰੀ ਜੀਵਾਂ ਦੇ ਨਿਸਤਾਰੇ ਦੀ ਕੁੰਜੀ ਹੈ।

ਨਾਮ ਸਾਰੇ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਹੈ-

ਕਲਿ ਮਹਿ ਏਕੁ ਨਾਮੁ ਕਿਰਪਾਨਿਧਿ ਜਾਹਿ ਜਪੈ ਗਤਿ ਪਾਵੈ ॥ ਅਉਰ ਧਰਮ ਤਾ ਕੈ ਸਮਿ ਨਾਹਿਨ ਇਹ ਬਿਧਿ ਬੇਦੁ ਬਤਾਵੈ ॥੨॥੫॥ [ਸੋਰਠਿ ਮ: ੯

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥੨॥ ਬਿਲਾਵਲੁ ਮ: ੯

ਜੋਗ-ਸਾਧਨ, ਜਗ, ਭੇਖ ਤੀਰਥ ਵਰਤ ਆਦਿ ਇਹ ਸਾਰੇ ਸਾਧਨ ਨਾਮ ਦੇ ਮੁਕਾਬਲੇ ਐਵੇਂ ਫ਼ਾਲਤੂ ਅਤੇ ਨਿਸਫਲ ਕਿਰਿਆਵਾਂ ਹਨ। ਗੁਰੂ ਦਾ ਉਪਦੇਸ਼ 'ਨਾਮ' ਗ੍ਰਹਿਣ ਕਰਨ ਦੀ ਬਜਾਏ, ਸਿਰ ਮੂੰਹ ਮੁਨਾ ਕੇ ਭਗਵਾ ਵੇਸ ਧਾਰਨ ਕਰ ਕੇ, ਭਟਕਦੇ ਤੇ ਮੰਗਦੇ ਫਿਰਨਾ, ਜਨਮ ਨੂੰ ਫ਼ਜ਼ੂਲ ਗਵਾਉਣਾ ਹੈ। ਜਿਸ ਮਨੁੱਖ ਨੇ ਨਾਮ ਸਿਮਰਨ ਦਾ ਪ੍ਰਧਾਨ ਤੇ ਸਿਰਮੋਰ ਕਰਮ ਕਮਾ ਲਿਆ, ਉਸ ਨੂੰ ਕਿਸੇ ਹੋਰ ਫੋਕਟ ਕਰਮ ਕਰਨ ਦੀ ਲੋੜ ਨਹੀਂ ਰਹਿੰਦੀ-

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥ ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥੨॥
[ਰਾਮਕਲੀ ਮ: ੯

ਨਾਮ ਰਤਨ ਹੈ, ਅਮੋਲਕ ਖ਼ਜਾਨਾ ਹੈ, ਜਿਸ ਦੀ ਪ੍ਰਾਪਤੀ ਦੀ ਬਰਕਤ ਨਾਲ ਅਮੋਲਕ ਗੁਣ ਮਨੁੱਖ ਵਿਚ ਸੁਤੇ ਹੀ ਪਰਵੇਸ਼ ਹੋ ਆਉਂਦੇ ਹਨ। ਮਨ ਤ੍ਰਿਪਤ ਹੋ ਜਾਂਦਾ ਹੈ ਤੇ ਇਸ ਦੀ ਭਟਕਣਾ ਮੁਕ ਜਾਂਦੀ ਹੈ-

ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ॥੩॥ [ਬਸ ਤੁ ਮ: ੯

ਜੀਵਨ ਸੁਚੱਜਾ ਤੇ ਗੌਰਵਸ਼ੀਲ ਹੋ ਜਾਂਦਾ ਹੈ-

ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥ [ਬਿਲਾਵਲੁ ਮ: ੯

ਵਿਸ਼ੇ ਵਿਕਾਰਾਂ ਤੋਂ ਅਤੇ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪਾਉਣ ਦਾ ਕੇਵਲ ਇਕੋ ਇਕ ਸਾਧਨ ਹੈ, ਤੇ ਉਹ ਹੈ "ਨਾਮ-ਸਿਮਰਨ"। ਮਾਇਆ ਦੇ ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੇ ਸਾਰੇ ਸੰਸਾਰੀ ਜੀਵਾਂ ਦੇ ਨੱਕ ਵਿਰ ਨਕੇਲ ਪਾਈ ਹੋਈ ਹੈ। ਇਹ ਆਪ-ਹੁਦਰੇ ਤੇ ਮੂੰਹ-ਜ਼ੋਰ ਹਨ। ਲੋਕਾਂ ਨੂੰ ਭਰਮਾ ਕੇ ਤੇ ਆਪਣੇ ਵੱਸ ਵਿਚ ਕਰ ਕੇ ਸਾਰਿਆਂ ਦੀ ਬੇਪਤੀ ਕਰਦੇ ਹਨ। ਬੜੇ ਬੜੇ ਨਾਢੂ ਖ਼ਾਂ ਇਹਨਾਂ ਦੇ ਪਾਣੀਹਾਰ ਹਨ। ਪਰ ਨਾਮ ਸਿਮਰਨ ਦੀ ਤੁਫ਼ੈਲ ਇਹ ਸਿਸਰਨ ਵਾਲੇ ਪੁਰਸ਼ ਦੇ ਨੇੜੇ ਨਹੀਂ ਫਟਕ ਸਕਦੇ।

ਲੋਭੁ ਮੋਹੁ ਏ ਪਰਸਿ ਨ ਸਾਕਹਿ ਗਹੀ ਭਗਤਿ ਭਗਵਾਨ ॥੧॥੩॥ [ਬਸੰਤੁ ਮ: ੯

ਇਹ ਵਿਕਾਰ ਮਲੀਨ ਮਨ ਦੀ ਉਪਜ ਹਨ। ਜੋ ਮਨੁੱਖ ਸਿਮਰਨ ਦੀ ਬਰਕਤ ਨਾਲ ਮਨ ਨੂੰ ਜਿਤ



www.AKJ.Org

ਲੈਂਦਾ ਹੈ ਉਸ ਦੇ ਇਹ ਪੰਜੇ ਦੂਤ ਸਜਣ ਹੋ ਨਿਬੜਦੇ ਹਨ। ਸੋ ਜਿਸ ਨੇ ਮਨ ਵਸ ਕਰ ਲਿਆ, ਮਾਇਆ ਦੇ ਸ਼ਕਤੀ-ਸ਼ਾਲੀ ਦੂਤ ਜਿੱਤ ਲਏ, ਉਸ ਨੇ ਮਾਨੋ ਸਾਰਾ ਸੰਸਾਰ ਜਿਤ ਲਿਆ—

ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤਿ ॥੪੨॥ [ਸਲੋਕ ਮ: ੯

ਇਹ ਸਭ ਕੁਝ ਨਾਮ ਦੀ ਬਰਕਤ ਨਾਲ ਹੁੰਦਾ ਹੈ। ਧੰਨ ! ਧੰਨ !! ਧੰਨ ਨਾਮ !!

ਨਾਮ ਦੀਆਂ ਬਰਕਤਾਂ ਬੇਅੰਤ ਹਨ। ਨਾਮ ਦੁਖ-ਹਰਤਾ ਅਤੇ ਸੁਖ-ਦਾਤਾ ਹੈ—

ਦੁਖ ਹਰਤਾ ਹਰਿ ਨਾਮੁ ਪਛਾਨੋ ॥ ਰਹਾਉ ॥੧॥ [ਬਿਲਾਵਲੁ ਮ: ੯

ਹਰਿ ਕੋ ਨਾਮੁ ਸਦਾ ਸੁਖਦਾਈ ॥੧॥ਰਹਾਉ॥੧॥ [ਮਾਰੂ ਮ: ੯

ਨਾਮ ਮਨ ਦੀ ਖੋਟੀ ਮਤਿ ਨੂੰ ਨਾਸ ਕਰ ਕੇ ਇਸ ਨੂੰ ਵਾਸ਼ਨਾ ਰਹਿਤ ਅਤੇ ਨਿਰਮਲ ਕਰਦਾ ਹੈ, ਜਿਸ ਦਾ ਸਦਕਾ ਮਨ ਭਟਕਣਾ ਛਡ ਕੇ ਨਿਜ ਸੁਖ ਵਿਚ ਲੀਨ ਹੋ ਜਾਂਦਾ ਹੈ—

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥੩॥ [ਬਸੰਤੁ ਮ: ੯

ਨਾਮ ਮਨੁੱਖ ਦੇ ਸਾਰੇ ਭੈ ਦੂਰ ਕਰਦਾ ਹੈ ਅਤੇ ਲੋਕ ਪਰਲੋਕ ਵਿਚ ਸਭ ਤੋਂ ਵੱਡਾ ਮਦਦਗਾਰ ਹੈ—

ਭੈ ਨਾਸਨ ਦੁਰਮਤਿ ਹਰਨ ਕਲਿ ਮਹਿ ਹਰਿ ਕੋ ਨਾਮੁ ॥੨੦॥ [ਸਲੋਕ ਮ: ੯

ਜਿਥੇ ਸਾਰੇ ਸਾਕ ਸੰਬੰਧੀ, ਮਿੱਤਰ ਦੋਸਤ, ਸਾਥ ਛਡ ਜਾਂਦੇ ਹਨ ਉਥੇ ਲੋਕ ਪਰਲੋਕ ਵਿਚ ਨਾਮ ਹੀ ਪੁਕਰਦਾ ਹੈ—

ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ ॥ ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥ [ਸਲੋਕ ਮ: ੯

ਇਕ ਭਗਤਿ ਨਾਰਾਇਨ ਹੋਇ ਸੰਗਿ ॥੩॥੪॥ [ਬਸੰਤੁ ਮ: ੯

ਨਾਮ ਦੀ ਬਰਕਤ ਨਾਲ ਗਜ (ਹਾਥੀ) ਤੰਦੂਏ ਦੇ ਜਾਲ ਵਿਚੋਂ ਬਚ ਨਿਕਲਿਆ—ਬਾਲਕ ਧ੍ਰੂ ਨੂੰ ਨਾਮ ਦੀ ਤੁਫ਼ੈਲ ਉੱਚੀ ਤੇ ਅਟੱਲ ਪਦਵੀ ਮਿਲ ਗਈ ਜਿਸ ਨੇ ਜਗਤ ਨੂੰ ਚਕ੍ਰਿਤ ਕਰ ਦਿਤਾ। ਪੰਚਾਲ ਦੇਸ ਦੇ ਰਾਜੇ ਦ੍ਰੂਪਦ ਦੀ ਪੁਤ੍ਰੀ ਦ੍ਰੋਪਦੀ, ਦਰਯੋਧਨ ਦੀ ਸਭਾ ਵਿਚ ਨੰਗੀ ਕੀਤੇ ਜਾਣ ਤੋਂ ਬਚ ਗਈ। ਏਥੇ ਹੀ ਬਸ ਨਹੀਂ, ਨਾਮ ਦੇ ਸਿਰ ਸਦਕੇ ਗਨਿਕਾ ਅਤੇ ਅਜਾਮਲ ਵਰਗੇ ਜਗਤ-ਪ੍ਰਸਿੱਧ ਵਿਕਾਰੀ ਵਿਅਕਤੀ ਭਵ ਸਾਗਰ ਤੋਂ ਪਾਰ ਹੋ ਗਏ। ਨਾਮ ਦੀ ਮਹਿਮਾ ਅਕਥ ਹੈ—

ਅਟਲੁ ਭਇਓ ਧ੍ਰੂ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥ ਦੁਖ-ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥ ਜਬ ਹੀ ਸਰਨਿ ਗਹੀ ਕਿਰਪਾ-ਨਿਧਿ ਗਜੁ ਗਰਾਹ ਤੇ ਛੂਟਾ ॥ ਮਹਿਮਾ ਨਾਮ ਕਹਾ ਲਉ ਬਰਨਉ ਰਾਮੁ ਕਹਤ ਬੰਧਨ ਤਿਹ ਟੂਟਾ ॥੨॥੪॥ [ਸੋਰਠਿ ਮ: ੯

ਨਾਰਦ ਕਹਤ ਸੁਨਤ ਧ੍ਰੂ ਬਾਰਿਕ ਭਜਨ ਮਾਹਿ ਲਪਟਾਨੋ ॥ ਅਚਲ ਅਮੀਰ ਨਿਰਭੈ ਪਦੁ ਪਾਇਓ ਜਗਤੁ ਜਾਹਿ ਹੈਰਾਨੋ ॥੨॥੧॥ [ਬਿਲਾਵਲੁ ਮ: ੯

ਹਰਿ ਕੋ ਨਾਮੁ ਸਦਾ ਸੁਖਦਾਈ ॥ ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥ ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥ ਤਾ ਕੋ ਦੂਖ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ ॥੧॥੧॥ [ਮਾਰੂ ਮ: ੯

ਨਾਮ ਤੋਂ ਵਿਰਵਾ ਮਨੁੱਖ ਸਦਾ ਦੁਖਾਂ ਕਲੇਸ਼ਾਂ ਵਿਚ ਘਿਰਿਆ ਰਹਿੰਦਾ ਹੈ—

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥੧॥ਰਹਾਉ॥੨॥ [ਬਿਲਾਵਲੁ ਮ: ੯

ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੇ ਭੀ ਨਾਹੀ ॥੨॥੨॥ [ਸਾਰੰਗ ਮ: ੯

ਅਜਿਹੇ ਮਨੁੱਖ ਨੂੰ ਆਮ ਜੀਵਨ ਵਿਚ ਤਾਂ ਕੀ, ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ। ਜੋ ਵਿਅਕਤੀ ਆਦਰਸ਼ਕ ਨਾਮ-ਭੋਜਨ ਨੂੰ ਛਡ ਕੇ ਮਾਇਆ ਦੇ



www.AKJ.Org

ਹੋਛੇ ਰਸਾਂ ਕਸਾਂ ਵਿਚ ਖੱਚਤ ਰਹਿੰਦਾ ਹੈ, ਉਹ ਮਨੁੱਖੀ ਜਾਮੇ ਵਿਚ ਵਿਚਰਦਾ ਹੋਇਆ ਪਸ਼ੂ ਹੈ ਅਤੇ ਪਸ਼ੂ ਵੀ ਕੁੱਤੇ ਅਤੇ ਸੂਰ ਵਰਗੀਆਂ ਨੀਚ ਜੂਨੀਆਂ ਵਾਲਾ ਗੰਦ-ਖਾਣਾ—

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ ਨਾਨਕ ਮਾਨਹੁ ਤਾਹਿ ਤਨੁ ॥੪੪॥ [ਸਲੋਕ ਮ: ੯

ਗੁਰਬਾਣੀ ਵਿਚ ਬਾਰ ਬਾਰ ਨਾਮ ਜਪਣ ਦੀ ਤਾਕੀਦ ਕੀਤੀ ਹੋਈ ਹੈ। ਨਾਮ ਸਿਮਰਨ ਦੀ ਜੁਗਤੀ ਇਹ ਹੈ ਕਿ ਇਕ-ਮਨ ਇਕ-ਚਿਤ ਹੋ ਕੇ ਪੂਰਨ ਪ੍ਰੇਮ, ਭਰੋਸੇ ਅਤੇ ਦ੍ਰਿੜ੍ਹਤਾ ਨਾਲ ਨਾਮ ਸਿਮਰਿਆ ਜਾਵੇ, ਇਕ ਮੱਛੀ ਵਾਂਗ ਜੋ ਆਪਣੇ ਪ੍ਰਿਅ (ਜਲ) ਤੋਂ ਬਿਹੂਨ ਜੀਉਂਦੀ ਨਹੀਂ ਰਹਿ ਸਕਦੀ; ਇਕ ਕੁੱਤੇ ਵਾਂਗ ਜੋ ਮਾਲਕ ਉਤੇ ਭਰੋਸਾ ਰਖ ਕੇ ਵਫ਼ਾਦਾਰੀ ਨਾਲ ਉਸ ਦਾ ਦਰ ਮੱਲੀ ਰੱਖਦਾ ਹੈ—

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥੧॥ [ਸਲੋਕ ਮ: ੯

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨੁ ਤਜਤ ਨਹੀ ਨਿਤ ॥ ਨਾਨਕ ਇਹ ਬਿਧਿ ਹਰਿ ਭਜਹੁ ਇਕ ਮਨਿ ਹੁਇ ਇਕ ਚਿਤਿ ॥੪੫॥ [ਸਲੋਕ ਮ: ੯

ਪੱਥਰ ਕਠੋਰ ਹੁੰਦਾ ਹੈ। ਪੱਥਰ ਭਾਵੇਂ ਸੌ ਵਰ੍ਹੇ ਜਲ ਵਿਚ ਪਿਆ ਰਵ੍ਹੇ, ਉਸ ਵਿਚ ਪਾਣੀ ਪ੍ਰਵੇਸ਼ ਨਹੀਂ ਕਰ ਸਕਦਾ। ਏਸੇ ਤਰ੍ਹਾਂ ਨਾਮ-ਹੀਣ ਮਨੁੱਖ ਦਾ ਮਨ ਪੱਥਰ-ਵਤ ਕਠੋਰ ਹੁੰਦਾ ਹੈ ਜਿਸ ਵਿਚ ਹਰਿ-ਰਸ ਪ੍ਰਵੇਸ਼ ਨਹੀਂ ਹੋ ਸਕਦਾ—

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥ ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ ॥੨॥੩॥ [ਬਿਲਾਵਲੁ ਮ: ੯

ਅਜਿਹੇ ਖੋਟੇ ਪੁਰਸ਼ਾਂ ਦੀ ਸੰਗਤ ਤੋਂ ਸਦਾ ਬਚੇ ਰਹਿਣ ਵਿਚ ਹੀ ਸਲਾਮਤੀ ਹੈ—

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ਰਹਾਉ॥੧॥ [ਗਉੜੀ ਮ: ੯

ਗੁਰੂ ਦਾ ਮੰਤਰ ਨਾਮ ਹੈ। ਕ੍ਰੋੜਾਂ ਦੀ ਗਿਣਤੀ ਵਿਚੋਂ ਕਿਸੇ ਵਿਰਲੇ ਵਡਭਾਗੇ ਨੂੰ ਹੀ ਪ੍ਰਾਪਤ ਹੁੰਦਾ ਹੈ—

ਕੋਟਨ ਮਹਿ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ [ਸਲੋਕ ਮ: ੯

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥ [ਗਉੜੀ ਮ: ੯

[ਬਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਟੀਕ ਪੁਸਤਕ ਵਿਚੋਂ ਧੰਨਵਾਦ ਸਹਿਤ

---

[੨੪ ਸਫ਼ੇ ਦੀ ਬਾਕੀ]

ਜਾ ਰਿਹਾ ਹੈ। ਅਤੇ ਇਸ ਦਾ ਸਿੱਟਾ ਸਾਡੇ ਸਾਹਮਣੇ ਸਪੱਸ਼ਟ ਦਿਸ ਰਿਹਾ ਹੈ। ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਖੰਡਤ ਰੂਪ ਨੂੰ ਸ਼੍ਰੋਮਣੀ ਕਮੇਟੀ ਦੀ ਨਿਰੀ ਪ੍ਰਵਾਨਗੀ ਹੀ ਨਹੀਂ ਮਿਲ ਰਹੀ, ਬਲਕਿ ਇਹ ਮੁਖੀ ਸਿਖ ਸੰਸਥਾ ਇਸ ਮਨਮਤ ਦਾ ਖ਼ੁਦ ਸ਼ਿਕਾਰ ਹੋ ਗਈ ਹੈ। ਫਿਰ ਇਸ ਮਸਲੇ ਨੂੰ ਇੰਨਾ ਗ਼ੈਰ-ਜ਼ਰੂਰੀ ਤੇ ਸਾਧਾਰਨ ਸਮਝਿਆ ਗਿਆ ਹੈ ਕਿ ਇਸ ਸਬੰਧੀ ਕਿਸੇ ਪੱਧਰ ਤੇ ਵੀ ਪੰਥਕ ਵਿਚਾਰ ਦੀ ਲੋੜ ਵੀ ਮਹਿਸੂਸ ਨਹੀਂ ਕੀਤੀ ਗਈ ਅਤੇ ਆਪਣੇ ਹੀ ਪਾਸ ਕੀਤੇ ਪਹਿਲੇ ਮਤੇ ਦੀ ਵਿਰੋਧਤਾ ਆਪ ਹੀ ਚੁਪ ਚਾਪ ਕੀਤੀ ਗਈ ਹੈ ਜਾਂ ਕਰ ਰਹੀ ਹੈ। ਇਹ ਕਦਮ ਆਉਣ ਵਾਲੇ ਸਮੇਂ ਵਿਚ ਗੁਰਮਤਿ 'ਤੇ ਹੋਰ ਹੋਣ ਵਾਲੇ ਹਮਲਿਆਂ ਦਾ ਸੂਚਕ ਹੈ। ਇਸ ਦਾ ਅੰਤ ਪਤਾ ਨਹੀਂ ਕਿਥੇ ਹੋਵੇਗਾ। ਜਦ ਪ੍ਰਤੱਖ ਸਤਿਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਹੀ ਆਪਣੀ ਮਨਮਤ ਘੁਸੇੜ ਕੇ ਭੰਗ ਕਰ ਦਿਤਾ ਤਾਂ ਹੋਰ ਕੀ ਨਹੀਂ ਹੋ ਸਕਦਾ। ਪੰਥ ਹਿਤੈਸ਼ੀ ਵੀਰ-ਭੈਣਾਂ ਇਸ ਵਲ ਖ਼ਾਸ ਧਿਆਨ ਦੇਣ ਦੀ ਕਿਰਪਾਲਤਾ ਕਰਨ।



www.AKJ.Org

# "ਦਸਮ ਗ੍ਰੰਥ ਨਿਰਣੈ" ਪੁਸਤਕ ਦੇ ਉਟੰਕਣਾਂ ਦੀ ਸੋਧ ਪਰਬੋਧ

[ਵਲੋਂ:—ਗਿ: ਮਹਾਂ ਸਿੰਘ ਜੀ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ]

## ਦੇਹੁ ਸਿਵਾ ਬਰ ਮੋਹਿ ਇਹੈ

ਦਸਮ ਗ੍ਰੰਥ ਦੀ ਬਾਣੀ ਸੰਬੰਧੀ ਤਰਕਾਂ ਭਰਪੂਰ ਪੁਸਤਕ 'ਦਸਮ ਗਰੰਥ ਨਿਰਣੈ' ਵਿਚ ਇਸ ਦੇ ਕਰਤਾ ਗਿਆਨੀ ਭਾਗ ਸਿੰਘ ਜੀ ਅੰਬਾਲਵੀ ਲਿਖਦੇ ਹਨ: "ਇਹ ਮੰਨਿਆਂ ਕਿ'ਬਰ ਦੇਹ ਸਿਵਾ' ਵਾਲਾ ਸਵੈਯਾ, ਦਸਮ ਗਰੰਥ ਵਿਚ ਲਿਖਿਆ ਹੈ, ਪਰੰਤੂ ਇਹ ਇਕ ਸਾਕਤ ਮਤੀਏ ਕਵੀ ਦੀ ਰਚਨਾ ਹੈ, ਗੁਰੂ ਕਲਗੀਧਰ ਜੀ ਦੀ ਬਾਣੀ ਨਹੀਂ ਅਤੇ ਸਿਵਾ ਦਾ ਅਰਥ ਬੀ ਅਕਾਲ ਪੁਰਖ ਨਹੀਂ ਤੇ ਨਾ ਹੀ ਗੁਰੂ ਜੀ ਨੇ ਸਿਵਾ ਤੋਂ ਕੋਈ ਵਰ ਮੰਗਿਆ ਹੈ। ਇਸ ਲਈ ਖਾਲਸੇ ਨੂੰ ਤੇ ਰਾਗੀਆਂ ਨੂੰ ਇਹ ਬਿਲਕੁਲ ਨਹੀਂ ਗਾਉਣਾ ਚਾਹੀਦਾ।"

ਦਸਮ ਗਰੰਥ ਦੀ ਬਾਣੀ ਇਕ ਮਹਾਨ ਸਬਲ ਸਾਹਿਤ ਹੈ ਅਤੇ ਓਜੱਸਵ ਬਾਣੀ ਹੈ ਤੇ ਇਹ ਸਾਡਾ ਵਿਰਸਾ ਹੈ। ਇਹ ਨਿਰਾ ਅਸਾਂ ਸਿੱਖਾਂ ਲਈ ਹੀ ਨਹੀਂ ਸਗੋਂ ਸਾਰੇ ਹਿੰਦੀਆਂ, ਭਾਰਤੀਆਂ ਲਈ ਹੈ। ਓਹ ਹਿੰਦੀ ਜੋ ਵਿਦੇਸ਼ੀ ਹਮਲਾ-ਆਵਰਾਂ ਦੀ ਮਾਰ ਹੇਠ ਆਪਣਾ ਸਾਹਸ ਖ਼ਤਮ ਕਰ ਚੁਕੇ ਸਨ, ਕਲਗੀਧਰ ਪਾਤਸ਼ਾਹ ਉਨ੍ਹਾਂ ਵਿਚ ਮਰਦਊ-ਪੁਣਾ ਜਗਾਉਣਾ ਚਾਹੁੰਦੇ ਸਨ, ਉਨ੍ਹਾਂ ਦੀ ਨਾੜ ਨਾੜ ਵਿਚ ਬੀਰਤਾ ਤੇ ਕੁਰਬਾਨੀ ਦਾ ਮਾਦਾ ਭਰਨਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੇ ਵੀਰ-ਰਸੀ ਸਾਹਿਤ ਰਚਿਆ, ਉਨ੍ਹਾਂ ਨੇ ਆਪਣੇ ਅਕਾਲ ਪੁਰਖ ਨੂੰ ਬੀ ਬੀਰ-ਰਸੀ ਰੂਪ ਵਿਚ ਪੇਸ਼ ਕੀਤਾ ਹੈ, ਜਾਪੁ ਸਾਹਿਬ ਸ਼ਾਂਤਿ ਰਸੀ ਬਾਣੀ ਹੈ,ਉਸ ਵਿਚ ਛੰਦ ਸਾਰੇ ਬੀਰ-ਰਸੀ ਹਨ, ਉਸ ਵਿਚ ਬੀ ਆਪਣੇ ਅਕਾਲ ਪੁਰਖ ਦੇ ਹੱਥਾਂ ਵਿਚ ਸ਼ਸਤ੍ਰ ਅਸਤ੍ਰ ਫੜੇ ਦੇਖਦੇ ਹਨ ਤੇ ਨਮਸਕਾਰਾਂ ਕਰਦੇ ਹਨ, 'ਨਮੋ ਸ਼ਸਤ੍ਰ ਪਾਣੇ। ਨਮੋ ਅਸਤ੍ਰ ਮਾਣੇ।' ਫਿਰ ਉਸਨੂੰ 'ਕਲਹ ਕਰਤਾ' ਬੀ ਕਹਿ ਕੇ ਨਮਸਕਾਰ ਕਰਦੇ ਹਨ। ਤੇ ਇਉਂ ਹਿੰਦੀਆਂ ਦੀ ਮਰ ਚੁਕੀ ਅਣਖ ਨੂੰ ਜਗਾਉਣ ਲਈ ਓਹ ਸਾਹਿਤ ਬੀਰ-ਰਸੀ ਰਚਦੇ ਹਨ ਤੇ ਉਨ੍ਹਾਂ ਦੇ ਮੰਨੇ ਤੇ ਪੂਜੇ ਗਏ ਦੇਵੀ ਦੇਵਤਿਆਂ ਅਵਤਾਰਾਂ ਦੇ ਜੀਵਨ ਤੇ ਵਿਸੇਸ਼ ਕਰਕੇ ਉਨ੍ਹਾਂ ਦੇ ਜੰਗਾਂ ਜੁੱਧਾਂ ਦੇ ਬੜੇ ਓਜਮਈ ਰੰਗ ਵਿਚ ਵਰਨਣ ਕਰਦੇ ਹਨ, ਤਾਕਿ ਹਿੰਦੀ ਆਪਣੇ ਪੂਰਵਜਾਂ ਦੇ ਸਾਹਸੀ ਸਾਹਿਤ ਨੂੰ ਪੜ੍ਹ ਕੇ ਮਰਦਊ-ਪੁਣੇ ਵਿਚ ਸਾਵਧਾਨ ਹੋ ਜਾਣ ਤੇ ਆਪਣੀ ਸੁਰੱਖਜਤਾ, ਆਪਣੀ ਅਣਖ ਇੱਜ਼ਤ ਦੀ ਰਾਖੀ ਬੀਰਤਾ ਵਿਚ ਭਰ ਕੇ ਸਾਹਸ ਨਾਲ ਕਰ ਸਕਣ। ਜੇ ਬਾਹਰੋਂ ਹਮਲਾ ਹੋਵੇ ਤਾਂ ਉਸ ਅੱਗੇ ਲੰਮੇ ਨਾ ਪੈ ਜਾਣ, ਜੇ ਉਨ੍ਹਾਂ ਦੀਆਂ ਬਹੂਆਂ ਬੇਟੀਆਂ ਹਮਲਾ-ਆਵਰ ਖੋਹ ਕੇ ਹੱਕ ਲਿਜਾਂਦਾ ਹੈ ਤਾਂ ਹੱਥ ਮਲਦੇ ਖੜੇ ਵੇਖਦੇ ਨਾ ਰਹਿਣ, ਪਰ ਕ੍ਰਿਪਾਨ ਸੂਤ ਕੇ ਜ਼ਾਲਮ ਦਾ ਬਹਾਦਰੀ ਨਾਲ ਟਾਕਰਾ ਕਰਨ ਤੇ ਉਨ੍ਹਾਂ ਨਾਲ ਜੂਝ ਕੇ ਮਰਨ ਨੂੰ ਪਰਮ ਉੱਤਮ ਸਮਝਣ। ਤੇ ਓਹ ਕ੍ਰਿਪਾਨ ਨੂੰ ਹੀ ਭਗਉਤੀ, ਚੰਡੀ, ਦੁਰਗਾ ਆਦਿ ਸਮਝਣ, ਓਹੋ ਹੀ ਉਨ੍ਹਾਂ ਦੀ ਰਖਜਾ ਕਰ ਸਕਦੀ ਹੈ, ਕਲਜੁਗ ਵਿਚ ਹੋਰ ਕੋਈ ਦੇਵੀ ਦੇਵਤਾ ਨਹੀਂ ਬਾਹੁੜਦਾ। ਇਸੇ ਲਈ ਹਿੰਦੀਆਂ ਦਾ ਉਨ੍ਹਾਂ ਨੇ ਕੌਮੀ ਗੀਤ (National Song) ਐਸਾ ਬਣਾਇਆ ਕਿ ਜਿਸ ਨੂੰ ਉਤਸ਼ਾਹ ਨਾਲ ਗਾ ਸੁਣ ਕੇ ਮੱਲੋ ਮੱਲੀ ਹੱਥ ਕ੍ਰਿਪਾਨ ਦੀ ਮੁੱਠ ਤੇ ਚਲਾ ਜਾਏ:—

> ਦੇਹੁ ਸਿਵਾ ਬਰ ਮੋਹਿ ਇਹੈ ਸੁਭ ਕਰਮਨ
> ਤੇ ਕਬਹੂੰ ਨ ਟਰੋਂ। ਨ ਡਰੋਂ ਅਰਿ ਸੋਂ
> ਜਬ ਜਾਇ ਲਰੋਂ ਨਿਸਚੈ ਕਰਿ ਆਪਨੀ ਜੀਤ
> ਕਰੋਂ। ਅਰ ਸਿਖ ਹੋਂ ਆਪਨੇ ਹੀ ਮਨ ਕੋ
> ਇਹ ਲਾਲਚ ਹਉ ਗੁਨ ਤਉ ਉਚਰੋਂ। ਜਬ
> ਆਵ ਕੀ ਅਉਧ ਨਿਦਾਨ ਬਨੈ ਅਤਿ ਹੀ
> ਰਣ ਮੈਂ ਤਬ ਜੂਝ ਮਰੋਂ।

ਕਮਾਲ ਦੀ ਦੂਰ ਦਰਸ਼ਤਾ ਹੈ ਇਸ ਸਵੈਯੇ ਵਿਚ 'ਸਿਵ' ਯਾ 'ਸਿਵਾ' ਪਦ ਵਰਤਣ ਵਿਚ।



www.AKJ.Org

ਨਾਲੰਦਾ ਵਿਸ਼ਾਲ ਸ਼ਬਦ ਸਾਗਰ ਨੇ ਸ਼ਿਵ ਦੇ ੩੨ ਅਰਥ ਕੀਤੇ ਹਨ, ਜਿਨ੍ਹਾਂ ਵਿਚੋਂ ਚਉਥਾ ਅਰਥ ਹੈ, ਪਰਮੇਸ਼ੂਰ। ਮਹਾਨ ਕੋਸ਼ ਨੇ ਸ਼ਿਵ ਦੇ ੧੬ ਅਰਥ ਕੀਤੇ ਹਨ, ਦਸਵਾਂ ਅਰਥ ਦਿਤਾ ਹੈ : ਪਾਰਬ੍ਰਹਮ, ਕਰਤਾਰ। ਗੁਰਬਾਣੀ ਦੀ ਤੁਕ ਦਾ ਇਹ ਪ੍ਰਮਾਣ ਉਨ੍ਹਾਂ ਨੇ ਦਿਤਾ ਹੈ : ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲ' [ਸਿਰੀ : ਮ: ੧]। ਸ਼ਿਵ ਪਦ ਦੇ ਅਰਥ ਨਾਲਦਾ ਕੋਸ਼ ਨੇ ੧੪ ਦਿਤੇ ਹਨ ਤੇ ਮਹਾਨ ਕੋਸ਼ ਨੇ ੧੦। ਮਹਾਨ ਕੋਸ਼ ਵਿਚ ਦੂਜਾ ਅਰਥ ਦਿਤਾ ਹੈ : 'ਪਾਰਬ੍ਰਹਮ ਦੀ ਸ਼ਕਤੀ' ਤੇ ਉਦਾਹਰਣ ਏਹੋ ਹੀ ਦਿਤੀ ਹੈ : 'ਦੇਹੁ ਸਿਵਾ ਬਰ ਮੋਹਿ ਇਹੈ।' ਇਸ ਪਦ ਦੇ ਵਰਤਣ ਵਿਚ ਦੀਰਘ ਦ੍ਰਿਸ਼ਟੀ ਇਹ ਜਾਪਦੀ ਹੈ ਕਿ ਇਹ ਕੌਮੀ ਗੀਤ ਸਾਰੀਆਂ ਕੌਮਾਂ ਲਈ ਸਾਂਝਾ ਹੋਵੇ ਤੇ ਸਭੇ ਖਿਆਲ ਦੇ ਪ੍ਰਾਣੀ ਇਸ ਤੋਂ ਉਤਸ਼ਾਹ ਤੇ ਕੁਰਬਾਨੀ ਦਾ ਉਮਾਹ ਪ੍ਰਾਪਤ ਕਰ ਸਕਣ। ਉਨ੍ਹਾਂ ਵਿਚ ਜੇ ਕੋਈ ਸ਼ਿਵ ਉਪਾਸ਼ਕ ਹੈ ਤਾਂ ਓਹ 'ਸਿਵਾ' ਨੂੰ ਸ਼ਿਵ ਜੀ ਸੰਬੰਧਕ ਪਦ ਸਮਝੇ। ਜੇ ਕੋਈ ਦੁਰਗਾ ਉਪਾਸ਼ਕ ਹੈ ਤਾਂ ਓਹ ਬੇਸ਼ਕ ਆਪਣੇ ਪੂਜ ਦੁਰਗਾ ਤੋਂ ਵਰ ਮੰਗ ਰਿਹਾ ਸਮਝੇ, ਤੇ ਜੋ ਨਿਰੰਕਾਰ ਉਪਾਸ਼ਕ ਹੈ ਓਹ ਸ਼ਿਵਾ ਦਾ ਅਰਥ ਪਾਰਬ੍ਰਹਮ ਯਾ ਕਰਤਾਰ ਨੂੰ ਸੰਬੋਧਨ ਸਮਝੇ ਤੇ ਸਭੇ ਵੀਰ ਇਕ ਸੁਰ ਵਿਚ ਆਪਣੇ ਇਸ ਕੌਮੀ ਗੀਤ ਨੂੰ ਗਾਉਣ ਤੇ 'ਨਿਸਚੈ ਕਰ ਆਪਣੀ ਜੀਤ ਕਰੋਂ' ਦੇ ਫ਼ਤਿਹ ਦੇ ਦਾਈਏ ਵਿਚ ਲਾਲ ਰੱਤੇ ਹੋ ਜਾਣ।

ਨਾ ਨਿਰਾ ਇਹੋ, ਸਗੋਂ ਕਲਗੀਧਰ ਪਾਤਸ਼ਾਹ ਨੇ ਇਹ ਖਿਆਲ ਦੋ ਤ੍ਰੈ ਹੋਰ ਥਾਈਂ ਬੀ ਇਸੇ ਰਚਨਾ ਵਿਚ ਮੂਰਤੀਮਾਨ ਕੀਤਾ ਹੈ। ਜੇ ਕੋਈ ਸੂਰਜ ਚੰਦ੍ਰਮਾ ਦਾ ਪੁਜਾਰੀ ਹੈ, ਉਨ੍ਹਾਂ ਨੂੰ ਦੇਵਤੇ ਮੰਨ ਕੇ ਪੂਜਦਾ, ਅਰਘ ਦੇਂਦਾ ਹੈ ਤਾਂ ਓਹ ਬੀ ਆਪਣੇ ਪੂਜ ਸੂਰਜ ਚੰਦ ਤੋਂ ਇਹੋ ਮੰਗ ਮੰਗੇ:—

ਹੇ ਰਵਿ ਹੇ ਸਸਿ ਹੇ ਕਰੁਣਾਨਿਧਿ ਮੇਰੀ ਅਬੈ
ਬਿਨਤੀ ਸੁਨਿ ਲੀਜੈ॥ ਅਉਰ ਨ ਮਾਂਗਤ
ਹਉ ਤੁਝ ਤੇ ਕੁਛ ਚਾਹਤ ਹੋਂ ਚਿਤ ਮੈ
ਸੋਈ ਕੀਜੈ। ਸ਼ਸਤ੍ਰਨ ਸਿਉਂ ਅਤਿ ਹੀ ਰਣ
ਭੀਤਰ ਜੂਝ ਮਰੋਂ ਕਹਿ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ
ਸਯਾਮ ਇਹੈ ਵਰ ਦੀਜੈ॥

ਸਰਬ ਸਾਂਝਾ ਨਜ਼ਰੀਆ ਹੈ ਕਲਗੀਧਰ ਜੀ ਦੇ ਸਾਹਮਣੇ। ਓਹ ਚਾਰੇ ਵਰਨਾਂ ਦੇ ਹੱਥ ਵਿਚ ਕ੍ਰਿਪਾਨ ਫੜਾਉਣਾ ਲੋਚਦੇ ਹਨ, ਚਾਰੇ ਵਰਨਾਂ ਨੂੰ ਛੱਤ੍ਰੀ ਰੂਪ ਵਿਚ ਵੇਖਣਾ ਚਾਹੁੰਦੇ ਸਨ, ਇਸੇ ਲਈ ਅਮਲੀ ਤੌਰ ਤੇ ਖਾਲਸਾ ਸਜਾਉਣ ਵੇਲੇ ਉਨ੍ਹਾਂ ਨੇ ਸਭਨਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਛੱਤ੍ਰੀ ਸਿੰਘ ਸੂਰਬੀਰ ਬਣਾ ਦਿਤਾ ਸੀ। ਬ੍ਰਾਹਮਣ ਵਰਣ ਸਭ ਤੋਂ ਉਚ ਜਾਤੀ ਗਿਣਿਆ ਜਾਂਦਾ ਹੈ, ਓਹ ਬ੍ਰਾਹਮਣ ਨੂੰ ਬੀ ਕਹਿੰਦੇ ਹਨ ਤੂੰ ਬੀ ਛੱਤ੍ਰੀ ਬਣ ਤੇ ਕਹੁ —

ਛੱਤ੍ਰੀ ਕੋ ਪੂਤ ਹੋਂ ਬਾਮਨ ਕੋ ਨਹਿ ਕੈ ਤਪ
ਆਵਤ ਹੈ ਜੁ ਕਰੋਂ॥ ਅਰ ਅਉਰ ਜੰਜਾਰ
ਜਿਤੋ ਗ੍ਰਿਹ ਕੋ ਤਿਹ ਤਯਾਗ ਕਹਾ ਚਿਤ
ਤਾ ਮੈ ਧਰੋਂ॥ ਅਬ ਰੀਝ ਕੈ ਦੇਹੁ ਵਹੈ
ਹਮ ਕੋ ਜੋਊ ਹੋਂ ਬਿਨਤੀ ਕਰ ਜੋਰਿ ਕਰੋਂ॥
ਜਬ ਆਉ ਕੀ ਅਉਧ ਨਿਦਾਨ ਬਨੈ ਅਤਿ
ਹੀ ਰਣ ਮੈਂ ਤਬ ਜੂਝ ਮਰੋਂ॥

ਇਸ ਤਰ੍ਹਾਂ ਆਪਣੇ ਸਾਹਿਤ ਦੁਆਰਾ ਭਾਰਤੀਆਂ ਦੇ ਹਿਰਦਿਆਂ ਵਿਚੋਂ ਕਾਇਰਤਾ ਨੂੰ ਕੱਟ ਕੇ ਤੇ ਹੂੰਝ ਕੇ ਓਹ ਆਪਣੇ ਦੇਸ਼ ਹਿੰਦ ਤੋਂ ਬਾਹਰ ਵਗਾਹ ਮਾਰਨਾ ਲੋਚਦੇ ਸਨ, ਇਸੇ ਲਈ ਉਨ੍ਹਾਂ ਫੁਰਮਾਯਾ:—

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ
ਹਰਿ ਚਿਤ ਮੈਂ ਜੁੱਧ ਵਿਚਾਰੈ॥ ਦੇਹ ਅਨਿਤ
ਨ ਨਿੱਤ ਰਹੇ ਜਸ ਨਾਵ ਚੜੈ ਭਵ ਸਾਗਰ
ਤਾਰੈ॥ ਧੀਰਜ ਧਾਮ ਬਨਾਇ ਇਹੈ ਤਨ
ਬੁਧਿ ਸੁ ਦੀਪਕ ਜਿਉਂ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ
ਕਾਤੁਰਤਾ ਕੁਤਵਾਰ ਬੁਹਾਰੈ॥

ਹਾਂ, ਦਸਮ ਗ੍ਰੰਥ ਦਾ ਸਬਲ ਸਾਹਿਤ ਸਾਡਾ ਵਿਰਸਾ ਹੈ, ਨਾ ਨਿਰਾ ਸਾਡਾ ਸਗੋਂ ਸਾਰੇ ਭਾਰਤੀਆਂ ਦਾ, ਇਸ ਨੂੰ ਅਸਾਂ ਅਪਨਾਉਣਾ ਹੈ, ਪਿਆਰਨਾ ਹੈ, ਇਸ ਤੋਂ ਸੁਸਿਖਿਆ ਤੇ ਚੜ੍ਹਦੀਆਂ ਕਲਾਂ ਦਾ


www.AKJ.Org

ਉਤਸ਼ਾਹ ਲੈਣਾ ਹੈ, ਨਾਕਿ ਇਸਨੂੰ ਤ੍ਰਿਸਕਾਰਨਾ ਯਾ ਪਰੇ ਸੁੱਟਣਾ ਹੈ।

ਪੰਝੀ ਤੀਹ ਬਰਸ ਹੋਏ ਇਕ ਪੁਰਾਤਨ ਦਸਮ ਗ੍ਰੰਥ ਦੀ ਬੀੜ ਦੇ ਦਰਸ਼ਨ ਹੋਏ ਸਨ। ਜਿਸ ਵਿਚ ਪੰਜ ਦਸ ਪੱਤਰੇ ਸ਼ਿਕਸਤਾ ਲਿਖਤ ਦੇ ਸਨ ਤੇ ਉਹ ੨੪ ਅਵਤਾਰਾਂ ਦੀ ਕਥਾ ਵਿਚ ਦੇ ਸਨ ਤੇ ਕਲਗੀਧਰ ਪਾਤਸ਼ਾਹ ਦੀ ਕਲਮ ਦੇ ਲਿਖੇ ਮੰਨੇ ਜਾਂਦੇ ਸਨ। ਉਨ੍ਹਾਂ ਪੱਤ੍ਰਿਆਂ ਵਿਚੋਂ ਇਕ ਪੰਨੇ ਦੀ ਅਸਾਂ ਫੋਟੋ ਲੈ ਕੇ ਖ਼ਾਲਸਾ ਸਮਾਚਾਰ ਦੇ ਜੁਬਿਲੀ ਅੰਕ ਵਿਚ ੧੯੫੦ ਵਿਚ ਛਾਪੀ ਸੀ ਬਤੌਰ ਦਸਮੇਸ਼ ਪਿਤਾ ਜੀ ਦੇ ਦਸਖਤਾਂ ਦੇ ਦਰਸ਼ਨ ਕਰਾਉਣ ਦੇ। ਉਸ ਦਸਮ ਗ੍ਰੰਥ ਦੀ ਬੀੜ ਵਿਚ ਇਕ ਖ਼ਾਸ ਗਲ ਇਹ ਸੀ ਕਿ ੨੪ ਅਵਤਾਰਾਂ ਦੀ ਕਥਾ ਜੋ ਇਸ ਵਿਚ ਲਿਖੀ ਹੋਈ ਸੀ, ਉਸ ਵਿਚ ਕਿਤੇ ਕਿਤੇ ਇਕ ਤੁਕ ਓਸੇ ਸ਼ਿਕਸਤਾ ਲਿਖਤਵਿਚ ਲਿਖੀ ਹੋਈ ਸੀ, ਜਾਪਦਾ ਸੀ ਕਿ ਕਲਗੀਧਰ ਪਾਤਸ਼ਾਹ ਜੀ ਦੀ ਅਸਲ ਸ਼ਿਕਸਤਾ ਲਿਖਤ ਤੋਂ ਜੋ ਲਿਖਾਰੀ ਉਤਾਰਾ ਕਰਦਾ ਸੀ ਉਸ ਤੋਂ ਕੋਈ ਕੋਈ ਸ਼ਿਕਸਤਾ ਲਿਖੀ ਸਤਰ ਨਹੀਂ ਪੜ੍ਹੀ ਗਈ, ਤੇ ਓਹ ਸਤਰ ਜੋਗੀ ਥਾਂ ਛੱਡ ਕੇ ਅਗ, ਅਗਲੀ ਤੁਕ ਤੋਂ ਲਿਖਣ ਲਗ ਪੈਂਦਾ ਸੀ, ਮਗ ਰੋਂ ਕਲਗੀਧਰ ਪਾਤਸ਼ਾਹ ਨੇ ਲਿਖਾਰੀ ਦੀ ਉਸ ਲਿਖਤ ਨੂੰ ਸੋਧਿਆ ਤਾਂ ਖਾਲੀ ਛੱਡੀਆਂ ਤੁਕਾਂ ਦੀ ਥਾਵੇਂ ਫਿਰ ਆਪ ਆਪਣੀ ਸ਼ਿਕਸਤਾ ਲਿਖਤ ਵਿਚ ਪਾਠ ਪੂਰਾ ਕਰ ਜਾਂਦੇ ਰਹੇ, ਉਹ ਬੀੜ ਜਿਨ੍ਹਾਂ ਦੇ ਘਰ ਸੀ ਹੁਣ ਓਥੇ ਨਹੀਂ ਹੈ ਤੇ ਘਰ ਦੇ ਮਾਲਕ ਸਰਦਾਰ ਜੀ ਦੇ ਚੜ੍ਹਾਈ ਕਰ ਜਾਣ ਤੇ ਪਿਛੋਂ ਕੋਈ ਸੱਜਣ, ਜਿਸ ਦੀ ਅੱਖ ਉਸ ਬੀੜ ਪਰ ਸੀ, ਬੀਬੀਆਂ ਪਾਸੋਂ ਲੈ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਮੁਖੀ ਜੇ ਉਦਮ ਕਰਨ ਤਾਂ ਉਹ ਬੀੜ ਤਲਾਸ਼ ਕਰਕੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਸੁਰੱਖਜਤ ਕਰ ਲੈਣ। ਹੋ ਸਕਦਾ ਹੈ ਉਹ ਬੀੜ ਐਸੇ ਕਈ ਸ਼ੰਕਾਵਾਦੀਆਂ ਦੇ ਸੰਸਿਆਂ ਦੀ ਨਵਿਰਤੀ ਕਰ ਸਕੇ।

[ਖ਼ਾਲਸਾ ਸਮਾਚਾਰ, ੪ ਨਵੰਬਰ ੧੯੭੬

## ਹੇਮ ਕੁੰਟ ਪਰਬਤ ਹੈ ਜਹਾਂ

ਗਿਆਨੀ ਭਾਗ ਸਿੰਘ ਜੀ ਆਪਣੀ ਪੁਸਤਕ 'ਦਸਮ ਗਰੰਥ ਨਿਰਣੈ' ਵਿਚ ਬਚਿਤ੍ਰ ਨਾਟਕ ਨੂੰ ਮਹਾਂ ਕਾਲ ਦੇ ਆਰਾਧਕ ਸਾਕਤ ਕਵੀ ਦੀ ਰਚਨਾ ਦਸਦੇ ਹਨ। ਪਰ 'ਬਚਿਤ੍ਰ ਨਾਟਕ' ਬਾਣੀ ਇਕ ਐਸੀ ਰਚਨਾ ਹੈ ਜਿਸ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਜਗਤ ਵਿਚ ਪ੍ਰਵੇਸ਼ ਕਰ ਕੇ ਜੋ ਮਜ਼ਲੂਮਾਂ ਦੀ ਰਖਯਾ ਤੇ ਜ਼ਾਲਮਾਂ ਨੂੰ ਸੋਧਣ ਦਾ ਅਦੁਤੀ ਤੇ ਅਨੋਖਾ ਨਾਟਕ ਖੇਡਿਆ ਹੈ ਉਸ ਵਿਚ ਪਹਿਲੇ ਆਪਣੇ ਅਵਤਾਰ ਤੇ ਫਿਰ ਜੀਵਨ ਦੇ ਪਹਿਲੇ ਕੁਝ ਸਾਲਾਂ ਵਿਚ ਕੀਤੇ ਜੰਗਾਂ ਦਾ ਵਰਨਣ ਕੀਤਾ ਹੈ। ਸਾਡਾ ਇਹ ਵਿਸ਼ਵਾਸ ਹੈ ਤੇ ਸ: ਰਤਨ ਸਿੰਘ ਜੀ ਜੱਗੀ ਬੀ ਇਹੀ ਮੰਨਦੇ ਹਨ।

ਕਲਗੀਧਰ ਪਾਤਸ਼ਾਹ ਨੇ ਚੰਡੀ ਦੀ ਵਾਰ ਦੇ ਸ਼ੁਰੂ ਵਿਚ ਭਗਉਤੀ ਨੂੰ ਯਾਦ ਕੀਤਾ ਸੀ ਪਰ ਏਥੇ ਇਸ ਬਾਣੀ ਦੇ ਆਰੰਭ ਵਿਚ 'ਭਗਉਤੀ' ਦੀ ਥਾਵੇਂ 'ਖੜਗ' ਨੂੰ ਨਮਸਕਾਰ ਕੀਤੀ ਹੈ, ਫਿਰ ਅਕਾਲ ਪੁਰਖ ਦੀ ਉਸਤਤ ਕੀਤੀ ਹੈ:--

ਦੋਹਿਰਾ:—ਨਮਸਕਾਰ ਸ੍ਰੀ ਖੜਗ ਕੋ ਕਰੋ ਸੁ
ਹਿਤ ਚਿਤ ਲਾਇ ॥ ਪੂਰਨ ਕਰੋ ਗਿਰੰਥ
ਇਹ ਤੁਮ ਮੋਹਿ ਕਰੋ ਸਹਾਇ ॥੧॥

ਤ੍ਰਿਭੰਗੀ ਛੰਦ:—ਖਗ ਖੰਡ ਬਿਹੰਡੰ ਖਲ ਦਲ
ਖੰਡੰ ਅਤਿ ਰਣ ਮੰਡੰ ਬਰ ਮੰਡੰ। ਭੁਜਦੰਡ
ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ
ਹਰਣੰ ਅਸ ਸਰਣੰ ॥ ਜੈ ਜੈ ਜਗ ਕਾਰਣ
ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ
ਤੇਗੰ। ੨।

'ਭਗਉਤੀ' ਹੋਵੇ ਜਾਂ 'ਖੜਗ' ਜਾਂ 'ਤੇਗ' ਹੋਵੇ, ਗੱਲ ਇਕੋ ਹੀ ਹੈ ਤੇ ਮੁਰਾਦ ਅਕਾਲ ਪੁਰਖ ਦੀ ਸ਼ਕਤੀ ਤੋਂ ਹੈ। ਕਲਗੀਧਰ ਪਾਤਸ਼ਾਹ ਨੇ ਅਪਣੇ ਅਕਾਲ ਪੁਰਖ ਨੂੰ ਕਿਉਂ ਇਸ ਬੀਰ-ਰਸੀ ਰੂਪਕ ਵਿਚ ਦਰਸਾਯਾ ਹੈ? ਸ: ਰਤਨ ਸਿੰਘ ਜੀ ਜੱਗੀ



www.AKJ.Org

ਲਿਖਦੇ ਹਨ:—

"ਉਸ ਸਮੇਂ ਦੀ ਰਾਜਨੀਤਕ ਸਥਿਤੀ ਦੀ ਭਿਆਨਕਤਾ, ਸਮਾਜਕ ਵਿਵਸਥਾ ਦੀ ਅਸੰਤੁਲਨਤਾ ਅਤੇ ਧਾਰਮਕ ਅਡੰਬਰਤਾ ਤੇ ਕੁਰੀਤੀਆਂ ਕਰ ਕੇ ਸਾਰਾ ਦੇਸ਼ ਬੜੀ ਮਾੜੀ ਹਾਲਤ ਵਿਚ ਸੀ। ਦੇਸ਼ ਵਿਚ ਦੋ ਵਰਗ ਸਨ—ਇਕ ਸ਼ਾਸਕਾਂ ਦਾ ਤੇ ਦੂਜਾ ਸ਼ਾਸਿਤਾਂ ਦਾ। ਸ਼ਾਸਕਾਂ ਵਿਚ ਅਭਿਮਾਨ ਦੀ ਪ੍ਰਧਾਨਤਾ ਸੀ ਅਤੇ ਸ਼ਾਸਿਤ ਵਰਗ ਆਪਣੀ ਸੂਰਬੀਰਤਾ, ਜਾਤੀ ਅਭਿਮਾਨ ਅਤੇ ਅਣਖ ਨੂੰ ਗਵਾ ਬੈਠੀ ਸੀ। ਕਈ ਸਦੀਆਂ ਤੋਂ ਬਾਹਰਲੇ ਹਮਲਾਆਵਰਾਂ ਦੁਆਰਾ ਦੁਖਾਈ ਅਤੇ ਅੰਦਰਲੀਆਂ ਕਮਜ਼ੋਰੀਆ ਕਰਕੇ ਨਿਰਬਲ ਤੇ ਸਿਥਲ ਪਈ ਜਨਤਾ ਨੂੰ ਸੁਤੰਤਰਤਾ ਲਈ ਤਿਆਰ ਕਰਨਾ ਸਰਲ ਕੰਮ ਨਹੀਂ ਸੀ। ਇਸ ਲਈ ਨਿਰੰਤਰ ਪ੍ਰੇਰਨਾ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਅੰਦੋਲਨ ਨੂੰ ਚਲਾ ਕੇ ਇਸਦੇ ਸਮੁਚਿਤ ਵਿਕਾਸ ਦੀ ਜ਼ਿੰਮੇਵਾਰੀ ਆਪਣੇ ਉਤਰੋਤਰ ਗੱਦੀਦਾਰਾਂ ਤੇ ਛੱਡ ਦਿੱਤੀ। ਪ੍ਰਵਿਰਤੀ ਅੱਠ ਗੁਰੂ ਸਾਹਿਬਾਂ ਨੇ ਇਸ ਕੰਮ ਨੂੰ ਇਤਨੀ ਚੰਗੀ ਤਰ੍ਹਾਂ ਚਲਾਇਆ ਅਤੇ ਲੋੜ ਤੇ ਸਥਿਤੀ ਅਨੁਸਾਰ ਇਸ ਵਿਚ ਸੁਧਾਰ ਕੀਤੇ ਕਿ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪਹੁੰਚਦੇ ਸੰਪੂਰਨ ਜਨਤਾ ਆਪਣੇ ਵੰਚਤ ਅਧਿਕਾਰਾਂ ਨੂੰ ਫਿਰ ਤੋਂ ਪ੍ਰਾਪਤ ਕਰਨ ਦੀ ਚਾਹਵਾਨ ਹੋ ਗਈ। ਸ਼ਾਸਕ ਵਰਗ ਦੇ ਹਰ ਇਕ ਅਤਯਾਚਾਰ ਦਾ ਉਤਰ ਅਜੇ ਤੱਕ ਅਹਿੰਸਾ ਦੁਆਰਾ ਹੀ ਦਿਤਾ ਜਾਂਦਾ ਸੀ। ......ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਨੇ ਸਿਖਾਂ ਵਿਚ ਇਕ ਨਵੀਂ ਉਤੇਜਨਾ ਭਰ ਦਿਤੀ। ਆਪਣੇ ਗੁਰੂ ਦੇ ਕਤਲ ਦਾ ਬਦਲਾ ਲੈਣ ਲਈ ਸਿਖ ਭੜਕ ਉਠੇ। ਉਨ੍ਹਾਂ ਨੂੰ ਕੇਵਲ ਇਕ ਨੇਤਾ ਦੀ ਲੋੜ ਸੀ, ਜਿਸ ਦੀ ਪੂਰਤੀ ਤੇਜੱਸਵੀ ਨੌਜਵਾਨ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਜ਼ਾਲਮ ਹਕੂਮਤ ਨੂੰ ਨਸ਼ਟ ਕਰਨ ਲਈ ਗੁਰੂ ਜੀ ਨੇ ਜਿਥੇ ਸਿਖਾਂ ਨੂੰ ਸੈਨਿਕ ਸਿਖਲਾਈ ਦੇਣੀ ਆਰੰਭ ਕੀਤੀ ਓਥੇ ਉਨ੍ਹਾਂ ਦੀ ਮਾਨਸਕ ਪੱਧਰ ਨੂੰ ਵੀ ਪੱਕਿਆਂ ਕੀਤਾ। ਸਿਖਾਂ ਦੇ ਮਨਾਂ ਵਿਚ ਆਤਮ ਵਿਸ਼ਵਾਸ ਅਤੇ ਸਾਹਸ ਭਰਿਆ। ਹਾਰੇ ਅਤੇ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਰਾਸ਼ਟਰੀ ਭਾਵਨਾ ਨੂੰ ਜਗਾਉਣ ਵਿਚ ਸਾਹਿਤ ਅਤੇ ਪੂਰਵਜਾਂ ਦੀਆ ਕਥਾ-ਕਹਾਣੀਆਂ ਕਿਤਨੀਆਂ ਲਾਭਦਾਇਕ ਸਿਧ ਹੋ ਸਕਦੀਆਂ ਸਨ, ਇਸ ਤੋਂ ਗੁਰੂ ਜੀ ਚੰਗੀ ਤਰ੍ਹਾਂ ਜਾਣੂ ਸਨ। ਉਹਨਾਂ ਨੇ ਆਪਣੇ ਪਾਸ ਵਿਦਵਾਨ ਪੰਡਤਾਂ ਅਤੇ ਕਵੀਆਂ ਨੂੰ ਸ਼ਰਨ ਦਿਤੀ। ਗੁਰੂ ਜੀ ਦੇ ਦਰਬਾਰ ਦੇ ੫੨ ਕਵੀ ਇਤਿਹਾਸ ਪ੍ਰਸਿਧ ਹਨ। ਇਹਨਾਂ ਕਵੀਆਂ ਤੋਂ ਦਸਮ ਗੁਰੂ ਜੀ ਨੇ ਰਾਮਾਇਣ, ਮਹਾਂ ਭਾਰਤ ਅਤੇ ਪੁਰਾਣਕ ਕਥਾਵਾਂ ਨੂੰ ਭਾਖਾ ਵਿਚ ਲਿਖਵਾਇਆ, ਤਾਂ ਜੋ ਪੰਜਾਬ ਵਾਸੀ ਭੂਤ-ਕਾਲ ਦੇ ਭਾਰਤੀ ਆਗੂਆਂ ਤੇ ਵੀਰਾਂ ਦੇ ਜੀਵਨ ਚਰਿਤ੍ਰਾਂ ਤੋਂ ਜਾਣੂ ਹੋ ਸਕਣ ਅਤੇ ਇਹ ਵੀ ਜਾਣ ਲੈਣ ਕਿ ਸਦਾ ਸੱਦ-ਵਿਚਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਇਹਨਾਂ ਕਥਾਵਾਂ ਦੇ ਯੁੱਧ ਸਬੰਧੀ ਪ੍ਰਸੰਗਾਂ ਨੂੰ ਵਿਸ਼ੇਸ਼ ਰੂਪ ਚਿੱਤ੍ਰਤ ਕਰਵਾਇਆ। ਯੁੱਧ-ਭੂਮੀ ਨੂੰ ਜਾਣ ਵੇਲੇ ਯੁਧ ਵੀਰ ਸਿਖਾਂ ਦੇ ਮਨਾਂ ਵਿਚ ਯੁੱਧ ਦੀ ਅੱਗ ਭੜਕਾਣ ਲਈ ਅਤੇ ਉਨ੍ਹਾਂ ਦੇ ਦਿਲਾਂ ਵਿਚ ਬੀਰ-ਭਾਵਨਾ ਦਾ ਸੰਚਾਰ ਕਰਨ ਲਈ ਕਵੀਆਂ ਦੀ ਬੀਰ-ਰਸੀ ਬਾਣੀ ਨਾਲ ਅਕਾਸ਼ ਗੂੰਜ ਉਠਿਆ। ਸਾਧਾਰਣ ਵਿਅਕਤੀ ਉਤੇ ਇਸ ਬਾਣੀ ਦਾ ਕੀ ਪ੍ਰਭਾਵ ਪਿਆ, ਇਸ ਦਾ ਕੁਝ ਪਰਿਚਯ ਭੰਗਾਣੀ ਯੁੱਧ ਤੋਂ ਮਿਲ ਜਾਂਦਾ ਹੈ।"

[ਸੱਚਖੰਡ ਪੱਤਰ, ਅਕਤੂਬਰ ੧੯੭੬, ਪੰਨਾ ੨੫, ੨੬

ਅਗੇ ਚਲ ਕੇ ਸ੍ਰੀ ਜੱਗੀ ਜੀ ਲਿਖਦੇ ਹਨ:—

"ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੈਂਤ ਅਤੇ ਦੇਵਤਾ ਸ਼ਕਤੀਆਂ ਦਾ ਦੁਅੰਦ ਹਿੰਦੂ ਅਤੇ ਮੁਸਲਮਾਨ ਸ਼ਕਤੀਆਂ ਦੇ ਰੂਪ ਵਿਚ ਉਪਸਥਿਤ ਹੋ ਗਿਆ ਸੀ। ਮੁਸਲਮਾਨ ਦੁਰ-ਵ੍ਰਿਤੀਆਂ ਦੇ ਪ੍ਰਤੀਕ ਸਨ ਅਤੇ ਦੇਵਤਾ ਸ਼ਕਤੀਆਂ ਦੇ ਪ੍ਰਤੀਕ ਹਿੰਦੂ ਸਨ। ਉਹਨਾਂ ਦੀ ਸਹਾਇਤਾ ਜਾਂ ਧਰਮ ਦੀ ਮਰਯਾਦਾ ਨੂੰ ਬਣਾਏ ਰਖਣ ਲਈ ਭਗਵਾਨ ਨੇ ਆਪਣਾ ਕੋਈ ਨਾ ਕੋਈ ਪ੍ਰਤਿਨਿਧ ਭੇਜਣਾ ਹੀ ਸੀ। ਫਲ ਸਰੂਪ ਉਸ ਵੇਲੇ



www.AKJ.Org

ਅਜਿਹੀ ਚੋਣ ਦਸਮ ਗੁਰੂ ਜੀ ਦੀ ਹੋਈ :—

ਤਪ ਸਾਧਤ ਹਰਿ ਮਹਿ ਬੁਲਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥ ੨੮ ॥ ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥ ਜਾਹਿ ਤਹਾਂ ਤੈ ਧਰਮ ਚਲਾਇ ॥ ਕੁਬੁਧਿ ਕਰਨ ਤੈ ਲੋਕ ਹਟਾਇ ॥

ਬਚਿਤ੍ਰ ਨਾਟਕ ਨੇ ਅਗੇ ਇਹ ਵੀ ਸਵੀਕਾਰ ਕੀਤਾ ਹੈ ਕਿ ਦੁਸ਼ਟਾਂ ਦਾ ਨਾਸ਼ ਕਰਨਾ ਉਹਨਾਂ ਦੇ ਜਨਮ ਧਾਰਣ ਦਾ ਮੁਖ ਪ੍ਰਯੋਜਨ ਹੈ :—

ਯਾ ਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥ ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥"

[ਓਹੋ ਸਚਖੰਡ ਪੱਤ੍ਰ ਪੰਨਾ ੨੭-੨੮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੇਜੱਸਵੀ ਹਸਤੀ ਮਿਲਣ ਵਾਲਿਆਂ ਦੇ ਦਰਸ਼ਕਾਂ ਵਿਚ ਵੀਰਤਾ ਪ੍ਰਚੰਡ ਜੁਆਲਾ ਭੜਕਾਉਣ ਵਾਲੀ ਸੀ। ਭੰਗਾਣੀ ਯੁੱਧ ਵਿਚ ਕ੍ਰਿਪਾਲ ਉਦਾਸੀ ਸਾਧੂ ਤੇ ਲਾਲ ਚੰਦ ਹਲਵਾਈ ਤੱਕ ਬੀਰ-ਰਸ ਵਿਚ ਰੰਗੀਜ ਕੇ ਓਹ ਕਾਰੇ ਕਰ ਗਏ ਕਿ ਦੁਨੀਆ ਹੈਰਾਨ ਹੁੰਦੀ ਹੈ। ਕਵੀ ਸਮੁਦਾਇ ਸੰਗਮ ਭਾਵੇਂ ਮਗਰੋਂ ਪਾਉਂਟੇ ਹੋਇਆ, ਤੇ ਸੰਸਕ੍ਰਿਤ ਰਚਨਾਵਾਂ ਦੇ ਉਲਥੇ ਕਰਵਾਏ, ਪਰ ਆਪ ਦੀ ਬਾਣੀ ਨੇ ਸੁਤੀਆਂ ਸੁਰਤਾਂ ਨੂੰ ਜਗਾਉਣ ਦਾ ਕੰਮ ਪਹਿਲੋਂ ਆਰੰਭ ਕਰ ਦਿਤਾ ਸੀ। ਕਈ ਰਚਨਾਵਾਂ ਆਪ ਨੇ ਸ੍ਰੀ ਆਨੰਦਪੁਰ ਰਚੀਆਂ। ਜਾਪੁ ਸਾਹਿਬ ਸ਼ਾਂਤਿ ਰਸੀ ਬਾਣੀ ਹੈ, ਪਰ ਉਸ ਦੇ ਸਾਰੇ ਦੇ ਸਾਰੇ ਛੰਦ ਬੀਰ-ਰਸੀ ਹਨ । ਅਕਾਲ-ਉਸਤਤ ਵਿਚ ਬੀ ਓਹੋ ਰੰਗ ਪ੍ਰਕਾਸ਼ ਰਿਹਾ ਹੈ।

ਭਾਰਤੀ ਜਨਤਾ ਦੀ ਜੋ ਦਸ਼ਾ ਸੀ, ਉਸ ਦਾ ਚਿੱਤ੍ਰ ਸ੍ਰੀ ਜੱਗੀ ਜੀ ਦੇ ਲੇਖ ਵਿਚ ਸਪਸ਼ਟ ਹੈ। ਜਿਸ ਨੂੰ ਚੜ੍ਹਦੀਆਂ ਕਲਾਂ ਵਿਚ ਲਿਆਉਣ ਲਈ ਬੀਰ-ਰਸੀ ਸਾਹਿਤ ਆਪ ਬੀ ਰਚਿਆ ਤੇ ਕਵੀਆਂ ਕੋਲੋਂ ਬੀ ਰਚਵਾਇਆ । ਭਾਰਤੀ ਹਿੰਦੂ ਜਨਤਾ ਜਿਨ੍ਹਾਂ ਦੇਵੀ ਦੇਵਤਿਆਂ ਤੇ ਅਵਤਾਰਾਂ ਦੀ ਪੂਜਕ ਸੀ, ਉਨ੍ਹਾਂ ਦੇ ਹੀ ਪ੍ਰਸੰਗ ਲੈ ਕੇ ਬੀਰ-ਰਸੀ ਰੰਗਾਂ ਵਿਚ ਚਿੱਤ੍ਰਤ ਕੀਤੇ, ਜੰਗਾਂ ਯੁੱਧਾਂ ਦੇ ਸਮਾਚਾਰ ਖਾਸ ਤੌਰ ਤੇ ਓਜਮਈ ਕਰਵਾਏ ਗਏ ਤਾਕਿ ਹਿੰਦੀ ਜਨਤਾ ਕੁਝ ਸਾਹਸ ਫੜੇ । ਕ੍ਰਿਸ਼ਨ ਅਵਤਾਰ ਦੇ ਅੰਤ ਵਿਚ ਸਾਫ ਇਹ ਆਸ਼ਾ ਪ੍ਰਗਤ ਕੀਤਾ ਹੈ :—

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥ ਅਵਰ ਵਾਸ਼ਨਾ ਨਾਹਿ ਪ੍ਰਭ ਧਰਮ ਜੁੱਧ ਕੈ ਚਾਇ ॥੨੪੯੧॥ [ਕ੍ਰਿਸ਼ਨਾਵਤਾਰ

ਬਚਿਤ੍ਰ ਨਾਟਕ ਦੇ ਸ਼ੁਰੂ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਅਕਾਲ ਪੁਰਖ ਨੂੰ ਨਿਰਾ ਸ਼ਾਂਤਿ ਰਸੀ ਰੂਪਕ ਵਿਚ ਨਹੀਂ ਵਰਨਣ ਕੀਤਾ, ਸਗੋਂ ਵਧੇਰੇ ਜ਼ੋਰ ਬੀਰ-ਰਸੀ ਰੂਪਕ ਵਿਚ ਦਰਸਾਉਣ ਤੇ ਕੀਤਾ ਹੈ। ਓਹ ਸ੍ਰੀ ਜਾਪੁ ਸਾਹਿਬ ਵਿਚ ਵੀ ਲਿਖਦੇ ਹਨ :—

ਨਮੋ ਸਸਤ੍ਰ ਪਾਣੇ । ਨਮੋ ਅਸਤ੍ਰ ਮਾਣੇ ॥

[ਪਉੜੀ ੫੨

ਨਮਸਤੰ ਨ੍ਰਿਨਾਥੇ ॥ ਨਮਸਤੰ ਪ੍ਰਮਾਥੇ ॥
ਨਮਸਤੰ ਅਗੰਜੇ ॥ ਨਮਸਤੰ ਪ੍ਰਭੰਜੇ ॥

[ਪਉੜੀ ੬੫

ਫਿਰ ਉਸ ਅਕਾਲ ਪੁਰਖ ਯਾਂ ਮਹਾਂ ਕਾਲ ਦੀ ਦੁਤੀ ਬੀ ਜੋ ਵਰਨਣ ਕੀਤੀ ਹੈ, ਉਹ ਬੀ ਬਹੁਤ ਕਰਕੇ ਬੀਰ-ਰਸੀ ਹੈ:—

"ਗਰਬ ਗੰਜਨ ਸਰਬ ਭੰਜਨ ।" "ਸਰਬ ਗੰਤਾ ਸਰਬ ਹੰਤਾ ॥" 'ਅਤਿ ਦੁਤਿ ਪ੍ਰਚੰਡ ॥"

ਇਸ ਤਰ੍ਹਾਂ ਦੇ ਤੇਜੱਸਵੀ ਰੂਪ ਵਰਨਣ ਜਾਪੁ ਸਾਹਿਬ ਵਿਚ ਬਾਰ ਬਾਰ ਆਏ ਹਨ। ਫੇਰ ਆਪ ਨੇ ਆਪਣੇ ਅਕਾਲ ਪੁਰਖ ਨੂੰ 'ਕਲਹ ਕਰਤਾ' ਬੀ ਕਿਹਾ ਹੈ:—

ਨਮੋ ਕਲਹ ਕਰਤਾ ਨਮੋ ਸਾਂਤਿ ਰੂਪੇ ॥ [੧੮੭

ਪਰ ਗਿਆਨੀ ਭਾਗ ਸਿੰਘ ਜੀ ਕਹਿੰਦੇ ਹਨ ਖਾਲਸੇ ਵਿਚ ਸ਼ਸਤ੍ਰ ਪੂਜਾ ਨਹੀਂ ਹੈ। ਠੀਕ, ਇਸ਼ਟ ਪੂਜਾ ਸਮਾਨ ਤਾਂ ਸ਼ਸਤ੍ਰ ਪੂਜਾ ਨਹੀਂ ਹੈ, ਪਰ ਸ਼ਸਤ੍ਰਾਂ ਦਾ ਪਰਮ ਸਤਿਕਾਰ ਸ਼ੁਰੂ ਤੋਂ ਹੈ ਤੇ ਹੁਣ ਬੀ ਹੈ। ਤਖ਼ਤ ਸਾਹਿਬਾਂ ਪਰ ਗੁਰੂ ਸਾਹਿਬਾਂ ਦੇ ਤੇ ਸ਼ਹੀਦਾਂ


www.AKJ.Org

ਸਿੰਘਾਂ ਦੇ ਸ਼ਸਤ੍ਰ ਸੁਰੱਖਤ ਹਨ ਤੇ ਉਨ੍ਹਾਂ ਦਾ ਸਤਿਕਾਰ ਕਾਇਮ ਹੈ। ਉਹਨਾਂ ਦੇ ਸਤਿਕਾਰ ਸਹਿਤ ਦਰਸ਼ਨ ਕਰਾਏ ਜਾਂਦੇ ਹਨ। ਹਰ ਅੰਮ੍ਰਿਤਧਾਰੀ ਖ਼ਾਲਸੇ ਦੇ ਕ੍ਰਿਪਾਨ ਪੰਜਾਂ ਕਕਾਰਾਂ ਵਿਚ ਸ਼ਾਮਲ ਕੀਤੀ ਗਈ ਹੈ, ਉਸ ਨੂੰ ਸਤਿਕਾਰ ਸਹਿਤ ਅਸੀਂ ਸੰਭਾਲਦੇ ਹਾਂ ਤੇ ਬੇ-ਅਦਬੀ ਨਹੀਂ ਕਰਦੇ।

ਜਿਸ ਤਰ੍ਹਾਂ ਜਾਪੁ ਸਾਹਿਬ ਵਿਚ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦੇ ਬੀਰ-ਰਸੀ ਦਰਸ਼ਨ ਕਰਾਏ ਹਨ, ਓਸੇ ਤਰ੍ਹਾਂ ਬਚਿਤ੍ਰ ਨਾਟਕ ਦੇ ਪਹਿਲੇ ਅਧਿਆਏ ਵਿਚ ਚਿੱਤ੍ਰਤ ਕੀਤੇ ਹਨ। ਫਿਰ ਸੋਢੀ, ਬੇਦੀ ਵੰਸ ਆਦਿ ਦੀ ਮੂਲ ਕਥਾ ਤੇ ਉਨ੍ਹਾਂ ਦੇ ਵੈਰ ਵਿਰੋਧਾਂ ਤੇ ਜੁੱਧਾਂ ਦਾ ਵਰਨਣ ਕੀਤਾ ਹੈ ਤੇ ਛੇਵੇਂ ਅਧਯਾਯ ਵਿਚ ਆਪਣੇ ਜਗਤ-ਪ੍ਰਵੇਸ਼ ਦੀ ਵਿਥਯਾ ਕਹੀ ਹੈ ਤੇ ਲਿਖਿਆ ਹੈ :—

ਅਬ ਮੈ ਅਪਨੀ ਕਥਾ ਬਖਾਨੋ ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥ ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਤ ਹੈ ਤਹਾਂ ॥੧॥ ਸਪਤ ਸ੍ਰਿੰਗ ਤਿਹ ਨਾਮ ਕਹਾਵਾ ॥ ਪੰਡੁ ਰ ਜ ਜਹਿ ਜੋਗ ਕਮਾਵਾ ॥ ਤਹਿ ਹਮ ਅਧਿਕ ਤਪੱਸਿਆ ਸਾਧੀ ॥ ਮਹਾਂ ਕਾਲ ਕਾਲਕਾ ਆਰਾਧੀ ॥੨॥ ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥

ਅਰਥ ਸਪੱਸ਼ਟ ਹਨ ਕਿ ਹੁਣ ਮੈਂ ਆਪਣੀ ਕਥਾ ਕਹਿੰਦਾ ਹਾਂ, ਜਿਵੇਂ ਮੈਨੂੰ ਤਪ ਸਾਧਦੇ ਨੂੰ ਅਕਾਲ ਪੁਰਖ ਨੇ ਸੰਸਾਰ ਤੇ ਲਿਆਂਦਾ। ਹੇਮਕੁੰਟ ਪਰਬਤ ਜਿਥੇ ਹੈ ਓਥੇ ਸਪਤ ਸ੍ਰਿੰਗ ਨਾਮੇ ਪਹਾੜ ਹਨ, ਓਥੇ ਅਸੀਂ ਭਾਰੀ ਤਪੱਸਯਾ ਕੀਤੀ ਤੇ ਮਹਾਂਕਾਲ ਦੀ ਅਰਾਧਨਾ ਕੀਤੀ। ਇਸ ਅਰਾਧਨਾ ਵਿਚ ਦੋਂਹ ਤੋਂ ਇਕ ਰੂਪ ਹੋ ਗਿਆ, ਇਕ ਅਕਾਲ ਪੁਰਖ ਤੇ ਦੂਜੇ ਆਪ। ਉਪਾਸਕ ਤੇ ਉਪਾਸਯ ਇਕ ਰੂਪ ਹੋ ਗਏ, ਭਾਵ ਅਕਾਲ ਪੁਰਖ ਵਿਚ ਮੈਂ ਲੀਨ ਹੋ ਗਿਆ, ਤਿੰਨਾਂ ਤੋਂ ਇਕ ਰੂਪ ਨਹੀਂ ਕਿਹਾ। ਅਗੇ ਦੱਸਦੇ ਹਨ, ਫਿਰ ਮੈਨੂੰ ਅਕਾਲ ਪੁਰਖ ਨੇ ਸੰਬੋਧਨ ਕਰਕੇ ਸਮਝਾਇਆ ਤੇ ਜਗਤ ਤੇ ਭੇਜਿਆ, ਹਾਲਾਂ ਕਿ ਮੇਰਾ ਚਿਤ ਉਸ ਤੋਂ ਵਿਛੁੜਨ ਤੇ ਨਹੀਂ ਸੀ ਕਰਦਾ, ਪਰ ਉਸ ਦੇ ਹੁਕਮ ਹੇਠ ਆਉਣਾ ਪਿਆ ਤੇ ਮੈਂ ਹੁਣ ਜਗਤ ਤੇ ਆ ਕੇ ਜਿਵੇਂ ਜਿਵੇਂ ਉਸ ਅਕਾਲ ਪੁਰਖ ਨੇ ਮੈਨੂੰ ਹੁਕਮ ਦਿਤੇ ਹਨ ਓਸੇ ਤਰ੍ਹਾਂ ਕੰਮ ਕਰਾਂਗਾ, ਧਰਮ ਫੈਲਾਵਾਂਗਾ, ਅਧਰਮ ਮੇਟਾਂਗਾ, ਦੁਸ਼ਟਾਂ ਦਾ ਸਫਾਇਆ ਕਰਾਂਗਾ। ਅਗੇ ਕੁਝ ਧਿਆਵਾਂ ਵਿਚ ਭੰਗਾਣੀ, ਨ ਦੌਣ ਤੇ ਹੁਸੈਨੀ ਆਦਿ ਦੇ ਯੁੱਧਾਂ ਦਾ ਵਰਨਣ ਹੈ ਤੇ ਇਹ ਬਿਆਨ ਇਤਨੀਆਂ ਬਾਰੀਕੀਆਂ ਵਾਲਾ ਹੈ ਕਿ ਜਿਸ ਨਾਲ ਇਹ ਵਾਪਰੇ ਓਹੋ ਹੀ ਇਤਨੇ ਬਾਰੀਕ ਵੇਰਵੇ ਲਿਖ ਸਕਦਾ ਹੈ, ਕੋਈ ਕਵੀ ਨਿਰੀਆਂ ਉਕਤੀਆਂ ਯੁਕਤੀਆਂ ਨਾਲ ਐਸੇ ਬਰੀਕ ਵੇਰਵੇ ਵਾਲੇ ਵਰਨਣ ਨਹੀਂ ਕਰ ਸਕਦਾ।

ਇਕ ਇਤਰਾਜ ਇਹ ਹੈ ਕਿ 'ਮਹਾਂ ਕਾਲ ਕਾਲਕਾ ਆਰਾਧੀ' ਤੁਕ ਵਿਚ ਕਾਲਕਾ ਦੀ ਆਰਾ-ਧਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪੂਜਯ ਕਿਸੇ ਜਨਮ ਵਿਚ ਅਸੀਂ ਕਾਲਕਾ ਨਹੀਂ ਮੰਨ ਸਕਦੇ। ਠੀਕ ਹੈ, ਇਥੇ ਕਾਲਕਾ ਦਾ ਅਰਥ ਕੋਈ ਦੇਵੀ, ਦੁਰਗਾ, ਕਾਲੀ ਦੇਵੀ ਆਦਿ ਨਹੀਂ ਹੈ। ਇਥੇ ਅਰਥ ਹੈ ਮਹਾਂ ਕਾਲ ਦੀ ਜੋਤਿ, ਪ੍ਰਕਾਸ਼ ਸ਼ਕਤੀ, ਜੋ ਵੱਖਰੀ ਕੋਈ ਦੇਵੀ ਜਾਂ ਹਸਤੀ ਨਹੀਂ, ਪਰ ਜੋ ਉਸਦੀ ਸ਼ਕਤੀ ਉਸ ਤੋਂ ਸੁਤੇ ਪ੍ਰਕਾਸ਼ਮਾਨ ਹੋ ਕੇ ਜਗਤ ਦੇ ਕਾਰਜ ਕਰਦੀ ਹੈ, ਜਿਵੇਂ ਸੂਰਜ ਦੀ ਜੋਤਿ ਪ੍ਰਚੰਡ ਪ੍ਰਕਾਸ਼, ਗਰਮੀ ਧੁਪ, ਚੰਦ ਦੀ ਸੀਤਲ ਚਾਨਣੀ। ਇਹ ਧੁਪ ਤੇ ਚਾਨਣੀ ਵੱਖ ਵੱਖ ਹਸਤੀਆਂ ਨਹੀਂ, ਪਰ ਆਪਣੇ ਧੇਯ ਵਿਚ ਪ੍ਰਵੇਸ਼ਤ ਤੇ ਉਸ ਤੋਂ ਖ਼ੁਦ ਬਖ਼ੁਦ ਪ੍ਰਕਾਸ਼ਤ ਹਨ। ਸੋ ਜਿਵੇਂ ਚੰਦ੍ਰਮਾ ਦੀ ਜੋਤਿ ਚੰਦ੍ਰਿਕਾ (ਚਾਨਣੀ) ਤਿਵੇਂ ਅਕਾਲ ਪੁਰਖ ਯਾ ਮਹਾਂ ਕਾਲ ਦੀ ਜੋਤਿ ਕਾਲਕਾ ਮੰਨਣੀ ਚਾਹੀਏ। ਕਾਲਿਕਾ ਮਹਾਂ ਕਾਲ ਦੀ ਕੋਈ ਇਸਤ੍ਰੀ ਨਹੀਂ, ਕਿਉਂਕਿ ਉਸ ਦਾ ਤਾਂ ਨਾ ਪਿਉ ਹੈ ਨਾ ਮਾਂ, ਨਾ ਪੁਤ੍ਰ ਨਾ ਮਿਤ੍ਰ, ਨਾ ਵਹੁਟੀ ਨਾ ਧੀ, ਯਥਾ:—

ਨ ਪੋਤ੍ਰੈ ਨ ਪੁਤ੍ਰੈ ॥ ਨ ਸਤ੍ਰੈ ਨ ਮਿਤ੍ਰੈ ॥
ਨ ਤਾਤੇ ਨ ਮਾਤੇ ॥ ਨ ਜਾਤੇ ਨ ਪਾਤੇ ॥
[ਜਾਪੁ ਸਾਹਿਬ ੧੪੮



www.AKJ.Org

ਫੇਰ ਓਹ ਇਕ ਇਕ ਹੈ, ਕਲੱਮ-ਕੱਲਾ ਹੈ, ਉਸ ਦੀ ਸ਼ਕਤੀ, ਉਸ ਦੀ ਜੋਤਿ, ਉਸ ਦਾ ਪ੍ਰਕਾਸ਼ ਉਸ ਤੋਂ ਸੁਤੇ ਪ੍ਰਕਾਸ਼ਿਤ ਹੈ। ਤੇ ਇਹ ਜੋਤਿ ਸ਼ਾਂਤਿਮਯ ਬੀ ਹੈ, ਤੇਜ ਪ੍ਰਚੰਡ ਵਾਲੀ ਬੀ ਹੈ ਤੇ ਨਾਲੇ ਭਯਾਨਕ ਰੂਪ ਵਾਲੀ ਬੀ ਹੈ। ਸਤਿਗੁਰੂ ਜੀ ਨੇ ਖ਼ਾਲਸੇ ਵਿਚ ਵੀਰਤਾ ਤੇ ਉਤਸ਼ਾਹ ਭਰਨ ਲਈ ਇਸ ਜੋਤਿ ਦਾ ਬੀਰਤਾ ਭਰਪੂਰ ਪ੍ਰਚੰਡ ਸਰੂਪ ਆਪਣੀ ਰਚਨਾ ਵਿਚ ਚਿੱਤ੍ਰਤ ਕੀਤਾ ਹੈ। ਇਹ ਡਰਨ ਡਰਾਉਣ ਲਈ ਨਹੀਂ, ਪਰ ਸਾਹਸ ਭਰਨ ਲਈ ਹੈ। ਜੈਸੇ ਕਿ ਅਕਾਲ ਉਸਤਤ ਦੇ ੨੧੧ ਛੰਦ ਤੋਂ ੨੩੦ ਛੰਦ ਤਕ ਮੂਰਤੀਮਾਨ ਹੋਯਾ ਹੈ। ਆਮ ਸਮਝ ਨੂੰ ਜ਼ਹਨ-ਨਸ਼ੀਨ ਕਰਾਉਣ ਲਈ ਕਿ ਉਸ ਜੋਤਿ ਦੀ ਪ੍ਰਬਲਤਾ ਕਿਤਨੀ ਬਲਵਾਨ ਤੇ ਪ੍ਰਚੰਡ ਹੈ, ਕੁਝ ਹੋ ਬੀਤੀਆਂ ਯਾ ਮੰਨੀਆਂ ਜਾਂਦੀਆਂ ਬਲਵਾਨ ਤਾਕਤਾਂ ਦੇ ਨਾਮ ਲੈ ਕੇ ਉਨ੍ਹਾਂ ਦੇ ਕੌਤਕ ਬਿਆਨ ਕਰਕੇ ਦਰਸਾਇਆ ਹੈ, ਜੋ ਗੱਲ ਕਿ ਸ੍ਰੀ ਜੱਗੀ ਜੀ ਨੇ ਬੀ ਮੰਨੀ ਹੈ।

ਏਸੇ ਪ੍ਰਚੰਡ ਜੋਤਿ ਨੂੰ ਸੰਬੋਧਨ ਕਰਦਿਆਂ ਹੀ ਕਲਗੀਧਰ ਪਾਤਸ਼ਾਹ ਨੇ ਫੁਰਮਾਇਆ ਹੈ:—

> ਤੈ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ
> ਕਰਾਇਆ॥ ਤੈਥੋਂ ਹੀ ਬਲ ਰਾਮ ਲੈ ਨਾਲ
> ਬਾਣਾ ਦਹਿਸਿਰ ਘਾਇਆ। ਤੈਥੋਂ ਹੀ ਬਲ
> ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ...।
> ਕਿਨੀ ਤੇਰਾ ਅੰਤ ਨ ਪਾਇਆ।

ਹੁਣ ਰਹੀ ਹੇਮ ਕੁੰਟ ਦੀ ਗੱਲ। ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਆਪਣੇ ਪਿਛਲੇ ਜੀਵਨ ਦੇ ਹਾਲਾਤ ਦੇਂਦਿਆਂ ਦੱਸਿਆ ਹੈ ਕਿ ਜਿਥੇ ਹੇਮ ਕੁੰਟ ਸਪਤ ਸ੍ਰਿੰਗ ਹੈ ਓਥੇ ਅਸਾਂ ਬੜਾ ਭਾਰੀ ਤਪ ਕੀਤਾ ਕਿ ਅਕਾਲ ਪੁਰਖ ਵਿਚ ਲੀਨ ਹੋ ਗਏ। ਇਸ ਪਰ ਕੁਝ ਇਕ ਸ਼ੰਕੇ ਸੁਣਨ ਪੜ੍ਹਨ ਵਿਚ ਆਏ ਹਨ। ਇਕ ਤਾਂ ਇਹ ਕਿ ਸਤਿਗੁਰੂ ਜੀ ਦੇ ਪਿਛਲੇ ਜਨਮ ਨਾਲ ਸਿਖਾਂ ਦਾ ਕੀਹ ਤਅੱਲਕ ਤੇ ਉਸ ਪਿਛਲੇ ਜਨਮ ਦੇ ਅਸਥਾਨ ਤੇ ਤਪੋਧਾਮ ਬਣਾ ਕੇ ਸਿਖ ਕਿਉਂ ਪੂਜਣ? ਠੀਕ, ਸਾਡਾ ਸਤਿਗੁਰੂ ਜੀ ਦੇ ਪਿਛਲੇ ਜਨਮ ਨਾਲ ਕੋਈ ਸੰਬੰਧ ਨਹੀਂ ਜਦੋਂ ਕਿ ਉਹ ਸਾਡੇ ਸਤਿਗੁਰੂ ਨਹੀਂ ਸਨ। ਪਰ ਜੋ ਬਚਿਤ੍ਰ ਨਾਟਕ ਵਿਚ ਉਹ ਫੁਰਮਾ ਰਹੇ ਹਨ ਤੇ ਜਿਸ ਵੇਲੇ ਫੁਰਮਾ ਰਹੇ ਹਨ, ਉਸ ਵੇਲੇ ਓਹ ਸਾਡੇ ਪੂਜਯ ਸਤਿਗੁਰੂ ਹਨ ਤੇ ਉਨ੍ਹਾਂ ਦੇ ਫੁਰਮਾਨ ਦੀ ਸਤਯਤਾ ਨੂੰ ਸਾਬਤ ਕਰਨ ਲਈ ਹੇਮਕੁੰਟ ਵਾਲਾ ਸਥਾਨ ਸਾਡੇ ਵਿਦਵਾਨ ਪੂਰਵਜਾਂ ਨੇ ਢੂੰਡ ਕੱਢਿਆ ਤੇ ਉਥੇ ਗੁਰਦੁਆਰਾ ਕਾਇਮ ਕਰਨ ਦਾ ਉੱਦਮ ਹੋ ਗਿਆ। ਜਿਥੇ ਕਿਸੇ ਬੀ ਹਸਤੀ ਨੇ ਬੈਠ ਕੇ ਮਹਾਂ ਕਾਲ ਯਾ ਅਕਾਲ ਪੁਰਖ ਦੀ ਆਰਾਧਨਾ ਕੀਤੀ ਹੋਵੇ, ਉਹ ਅਸਥਾਨ ਕਿਉਂ ਪਵਿਤ੍ਰ ਨਹੀਂ? ਤੇ ਉਸਦੀ ਉਗਾਹੀ ਜੇ ਕਲਗੀਧਰ ਪਾਤਸ਼ਾਹ ਆਪ ਭਰਦੇ ਹੋਣ ਤਾਂ ਸਿਖਾਂ ਲਈ ਉਹ ਅਸਥਾਨ ਕਿੰਨਾ ਸਤਿਕਾਰ ਯੋਗ ਹੋ ਜਾਂਦਾ ਹੈ! ਓਥੇ ਜੇ ਗੁਰਦੁਆਰਾ ਬਣ ਜਾਏ ਤੇ ਸਿਖ ਓਥੇ ਦੀ ਯਾਤਰਾ ਕਰਨ ਤਾਂ ਉਹ ਕਿਉਂ ਮਾੜੀ ਹੈ?

ਗਿਆਨੀ ਜੀ ਕਹਿੰਦੇ ਹਨ ਕਿ ਇਸ ਵੇਲੇ ਅਨੇਕਾਂ ਗੁਰਸਿਖਾਂ ਨੇ ਭੇਡ ਚਾਲ ਵਾਂਗੂ ਵੇਖੋ ਵੇਖੀ ਹੇਮਕੁੰਟ ਦੀ ਯਾਤਰਾ ਤੇ ਫ਼ਿਲਮਾਂ ਰਾਹੀਂ ਪ੍ਰਚਾਰ ਆਰੰਭਿਆ ਹੈ, ਜਿਸ ਦੀ ਰੋਕ ਸ਼੍ਰੋ: ਗੁ: ਪ੍ਰ: ਕਮੇਟੀ ਜਾਂ ਕੇਂਦਰੀ ਸਿੰਘ ਸਭਾ ਕਮੇਟੀ ਨੂੰ ਕਰਨੀ ਚਾਹੀਦੀ ਹੈ।

ਸ੍ਰੀ ਹੇਮ ਕੁੰਟ ਮੈਨੇਜਮੈਂਟ ਟ੍ਰਸਟ ਕਾਨ੍ਹਪੁਰ ਵਾਲੇ ਪ੍ਰੇਮੀ ਅਣਥੱਕ ਸੇਵਾ ਕਰ ਰਹੇ ਹਨ, ਨਾ ਨਿਰਾ ਸ੍ਰੀ ਹੇਮ ਕੁੰਟ ਵਾਲੇ ਅਸਥਾਨ ਤੇ ਸ਼ਾਨਦਾਰ ਗੁਰਦੁਆਰਾ ਬਣਾ ਰਹੇ ਹਨ, ਸਗੋਂ ਰਸਤੇ ਵਿਚ ਬੀ ਉਨ੍ਹਾਂ ਨੇ ਕਈ ਥਾਈਂ ਗੁਰਧਾਮ ਉਸਾਰ ਕੇ ਪ੍ਰਚਾਰ ਦੇ ਕੇਂਦਰ ਕਾਇਮ ਕਰ ਦਿਤੇ ਹਨ। ਸੰਗਤਾਂ ਜਥਿਆਂ ਵਿਚ ਗੁਰਬਾਣੀ ਦੀਆਂ ਧੁਨਾਂ ਲਾਉਂਦੀਆਂ ਬੱਦਰੀ ਨਾਥ ਦੇ ਇਸ ਇਲਾਕੇ ਵਿਚ ਜਾਂਦੀਆਂ ਤੇ ਉਧਰ ਦੀ ਵਸੋਂ ਦੇ ਕੰਨਾਂ ਵਿਚ ਗੁਰਬਾਣੀ ਦੀਆਂ ਗੂੰਜਾਂ ਪਾਉਂਦੀਆਂ ਹਨ, ਗੁਰੂ ਦੇ ਲੰਗਰ ਚਲਦੇ ਤੇ ਗੁਰਸਿਖੀ ਦੀ ਮਹਿਮਾ ਪਸਰਦੀ ਹੈ। ਕੀ ਇਹ ਮਾੜੀ ਹੈ ਤੇ ਬੰਦ ਕਰਨੇ ਯੋਗ ਹੈ? ਤੇ ਸ਼੍ਰੋ: ਗੁ: ਪ੍ਰ: ਕਮੇਟੀ ਇਸਨੂੰ ਕਿਉਂ ਬੰਦ ਕਰੇ।

ਇਕ ਇਤਰਾਜ਼ ਇਹ ਭੀ ਕੀਤਾ ਜਾਂਦਾ ਹੈ ਕਿ



www.AKJ.Org

ਸਿਖੀ ਵਿਚ ਤਪੱਸਜ਼ਾ ਦੀ ਆਗਜ਼ਾ ਨਹੀਂ ਤੇ ਤਪ ਨੂੰ ਕੋਈ ਅਹਿਮੀਅਤ ਨਹੀਂ ਦਿਤੀ ਗਈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਤਪ ਕੀਤਾ। ਭਾਈ ਗੁਰਦਾਸ ਜੀ ਦੱਸਦੇ ਹਨ :–

ਰੇਤ ਅੱਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ। ਭਾਰੀ ਕਰੀ ਤਪਸਿਆ, ਵਡੇ ਭਾਗ ਹਰਿ ਸਿਉ ਬਣ ਆਈ। ਬਾਬਾ ਪੈਧਾ ਸਚਖੰਡ ਨਉ ਨਿਧ ਨਾਮ ਗਰੀਬੀ ਪਾਈ।...ਚੜਿਆ ਸੋਧਣ ਧਰਤ ਲੁਕਾਈ।

[ਵਾਰ ੧–੨੪

ਕੀ ਇਹ ਓਸੇ ਤਰ੍ਹਾਂ ਦਾ ਨਜ਼ਾਰਾ ਨਹੀਂ ਜੋ ਬਚਿਤ੍ਰ ਨਾਟਕ ਵਿਚ ਕਲਗੀਧਰ ਪਾਤਸ਼ਾਹ ਨੇ ਆਪਣੇ ਬਾਬਤ ਵਰਨਣ ਕੀਤਾ ਹੈ। ਇਹ ਠੀਕ ਹੈ ਕਿ ਗੁਰੂ ਸਾਹਿਬਾਂ ਨੇ ਸਿਖਾਂ ਨੂੰ ਤਪ ਕਰਨ ਦੇ ਰਾਹ ਨਹੀਂ ਪਾਇਆ, ਸਗੋਂ ਪ੍ਰੇਮਾ-ਭਗਤੀ ਦੇ ਸੌਖੇ ਰਾਹ ਪਾ ਕੇ ਨਾਮ ਦਾ ਪੱਲਾ ਫੜਾਇਆਂ ਹੈ, ਕਿਉਂਕਿ ਹਰ ਕੋਈ ਤਪੱਸਜ਼ਾ ਨਹੀਂ ਕਰ ਸਕਦਾ ਤੇ ਫੇਰ ਨਿਰਾ ਕਰਮ ਕਾਂਡ ਅਧੀਨ ਕਰਮਾਂ ਦੇ ਆਸਰੇ ਮੁਕਤੀ ਦੀ ਆਸ ਰਖਣੀ ਨਿਸ਼ਫਲ ਹੈ। ਪਰ ਮੁਕਤੀ ਨਾਮ ਆਰਾਧਨ ਵਿਚ ਹੈ, ਪ੍ਰੇਮਾ ਭਗਤੀ ਵਿਚ ਹੈ। ਪੰਚਮ ਪਾਤਸ਼ਾਹ ਜੀ ਨੇ ਬੀ ਫ਼ੁਰਮਾਇਆ ਹੈ :–

''ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ।'

ਸ਼ਬਦ ਦੇ ਸ਼ੁਰੂ ਵਿਚ ''ਨਿਵਲ ਭੁਅੰਗਮ ਸਾਧੇ'' ਬੀ ਕਿਹਾ ਹੈ, ਜੋ ਪਦ ਦਸਦੇ ਹਨ ਕਿ ਪੰਚਮ ਪਾਤਸ਼ਾਹ ਜੀ ਨੇ ਭੀ ਆਪ ਤਪ ਕੀਤੇ ਹਨ। ਪਰ ਸਿਖਾਂ ਲਈ ਉਪਦੇਸ਼ ਹਰੀ-ਕੀਰਤਨ ਦਾ ਇਸੇ ਸ਼ਬਦ ਦੇ ਅੰਤ ਵਿਚ ਦੱਸਿਆ ਹੈ।

ਗਿਆਨੀ ਜੀ ਜ਼ਫਰਨਾਮੇ ਨੂੰ ਤਾਂ ਕਲਗੀਧਰ ਪਾਤਸ਼ਾਹ ਦੀ ਰਚਨਾ ਮੰਨਦੇ ਹਨ ਪਰ ਬਚਿਤ੍ਰ ਨਾਟਕ ਵਲੋਂ ਸੰਕੋਚ ਵਿਚ ਪੈ ਜਾਂਦੇ ਹਨ। ਜੇ ਕਲਗੀਧਰ ਪਾਤਸ਼ਾਹ ਵਾਹਿਦ ਮੁਤਕੱਲਮ (ਇਕ ਵਚਨ ਉੱਤਮ ਪੁਰਖ) ਵਿਚ ਜ਼ਫਰਨਾਮੇ ਵਿਚ ਕਹਿੰਦੇ ਹਨ–

ਮਨਮ ਕੁਸ਼ਤਨਮ ਕੋਹੀਆਂ ਬੁੱਤ-ਪਰੱਸਤ।
ਕਿ ਓ ਬੁਤ ਪ੍ਰਸਤੰਦੋ ਮਨ ਬੁੱਤ ਸ਼ਿਕੱਸਤ।

ਤਾਂ ਓਸੇ ਤਰ੍ਹਾਂ ਉਤਮ ਪੁਰਖ ਵਿਚ ਹੀ ਬਚਿਤ੍ਰ ਨਾਟਕ ਵਿਚ ਆਪ ਉਚਾਰ ਰਹੇ ਹਨ, 'ਅਬ ਮੈਂ ਅਪਨੀ ਕਥਾ ਬਖਾਨੋ।' ਤੇ ਨੰਮ੍ਰਤਾ ਵਿਚ 'ਤਵੇ ਕੀਟ' ਬੀ ਆਪਣੇ ਆਪ ਨੂੰ ਕਹਿ ਰਹੇ ਹਨ। ਹੈਰਾਨੀ ਹੈ ਕਿ ਆਪ ਬਚਿਤ੍ਰ ਨਾਟਕ ਨੂੰ ਗੁਰੂ ਕ੍ਰਿਤ ਨਹੀਂ ਮੰਨਦੇ, ਪਰ ਜ਼ਰਰਨਾਮੇ ਨੂੰ ਮੰਨਦੇ ਹਨ।

ਕਈ ਮੁਗ਼ਲ ਪਾਤਸ਼ਾਹਾਂ ਨੇ ਆਪਣੇ ਜੀਵਨ ਦੇ ਹਾਲਾਤ ਆਪ ਲਿਖੇ ਹਨ, ਜੈਸੇ ਕਿ ਤੁਜ਼ਕੇ ਜਹਾਂਗੀਰੀ ਹੈ। ਇਤਿਹਾਸਕਾਰ ਉਸ ਨੂੰ ਬੜੀ ਗੌਰਵਤਾ ਤੇ ਅਹਿਮੀਅਤ ਦਿੰਦੇ ਹਨ। ਪਰ ਸਾਡੇ ਕੁਝ ਵਿਦਵਾਨ ਸਤਿਗੁਰੂ ਜੀ ਦੀ ਆਪ-ਲਿਖੀ ਨਿਜ ਜੀਵਨੀ ਨੂੰ ਸ੍ਵੀਕਾਰਨ ਤੋਂ ਸਿਰ ਫੇਰਦੇ ਹਨ, ਸ਼ੋਕ, ਪਰਮ ਸ਼ੋਕ !

[ਖ਼ਾਲਸਾ ਸਮਾਚਾਰ, ੨੫ ਨਵੰਬਰ ੧੯੭੬

# ਯੂ. ਕੇ. ਦੇ ਸੱਜਣਾਂ ਦੇ ਚੰਦੇ

'ਸੂਰਾ' ਮਾਸਕ ਪੱਤਰ ਦੇ ਯੂ. ਕੇ. ਦੇ ਮੈਂਬਰ ਜੇ ਚਾਹੁਣ ਤਾਂ ਆਪਣੇ ਚੰਦੇ ਇੰਗਲੈਂਡ ਵਿਚ ਹੇਠ ਲਿਖੇ ਪਤਿਆਂ ਤੇ ਜਮ੍ਹਾ ਕਰਵਾ ਸਕਦੇ ਹਨ :—

1. S. Banta Singh ji Reehal, 12-Hartington Road, Lozells, Birmingham-19. B 19—IRW
2. S. Harbux Singh ji Sarai, 110-A, Luton Road, Chatham, Kent. DA11—9NA
3. S. Gurnam Singh ji, 10-Lambourne Gardens, Earley—Reading, Berks
4. S. Masta Singh ji, 30-Balfour Road, Derby

ਦਾਸ—ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ-ਸਾਖੀਆਂ

[ਵਲੋਂ:– ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੫. ਸ਼ਿਵ ਦੱਤ–

ਸਾਹਿਬਜ਼ਾਦੇ ਸ੍ਰੀ ਗੋਬਿੰਦ ਸਿੰਘ ਜੀ ਦੇ ਬਚਪਨੇ ਦੇ ਇਹੋ ਜਿਹੇ ਚੋਜ ਸੁਣ ਕੇ ਕਈ ਬੱਚਿਆਂ ਨੂੰ ਪੁੱਛ ਹੋ ਆਉਂਦੀ ਹੈ ਕਿ ਛੋਟੇ ਹੁੰਦੇ ਗੁਰੂ ਸਾਹਿਬ ਐਹੋ ਜਿਹੇ ਅੱਥਰੇ ਬਾਲ ਕਿਉਂ ਸਨ ? ਪਰ ਉਹ ਅੱਥਰੇ ਨਹੀਂ ਸਨ। ਓਹ ਜਾਣ ਕੇ ਬੱਚਿਆਂ ਵਾਙੂ ਐਹੋ ਜਿਹੀਆਂ ਗੱਲਾਂ ਕਰਦੇ ਸਨ, ਜਿਨ੍ਹਾਂ ਕਰਕੇ ਖਰੂਦੀ ਲੱਗਣ, ਪਰ ਉਨ੍ਹਾਂ ਚੋਜਾਂ ਵਿਚ ਭਲਿਆਈਆਂ ਕਰ ਜਾਂਦੇ ਸਨ। ਭਾਵੇਂ ਉਮਰ ਛੋਟੀ ਸੀ, ਪਰ ਅੰਦਰੋਂ ਪੂਰੀ ਉਹ ਹੋਸ਼ ਸੀ, ਜੋ ਸੰਤ ਮਹਾਤਮਾ ਅਵਤਾਰ ਕਿ ਗੁਰੂ ਵਿਚ ਹੋਣੀ ਚਾਹੀਦੀ ਹੈ। ਜਿਵੇਂ ਬੁੱਢੀ ਮਾਈ ਨੂੰ ਮਾਤਾ ਪਾਸੋਂ ਰੁਪਏ ਦਿਵਾਏ। ਉਸ ਗ਼ਰੀਬਣੀ ਦਾ ਗੁਜ਼ਾਰਾ ਨਹੀਂ ਤੁਰਦਾ ਸੀ ਸੋ ਉਹਦਾ ਗੁਜ਼ਾਰਾ ਟੁਰ ਧਿਆ। ਫੇਰ ਉਹ ਮਾਤਾ ਜੀ ਕੋਲ ਆਉਣ ਜਾਣ ਕਰਕੇ ਦੀਵਾਨ ਵਿਚ ਆਸਾ ਦੀ ਵਾਰ ਸੁਣਨ ਸਵੇਰੇ ਆਉਣ ਲਗ ਪਈ, ਇਸ ਤਰ੍ਹਾਂ ਪਾਠ ਭਜਨ ਵਿਚ ਲਗ ਪਈ।

ਜੇ ਕਿਸ਼ਤੀ ਲਈ ਤਾਂ ਸਾਥੀਆਂ ਨੂੰ ਸੈਲਾਂ ਕਰਾਉਂਦੇ, ਗ਼ਰੀਬਾਂ ਨੂੰ ਸੈਲ ਕਰਾ ਲਿਆਉਂਦੇ, ਕਦੇ ਲੋੜਵੰਦਾਂ ਨੂੰ ਮਾਂਗਵੀ ਦੇ ਦੇਂਦੇ ਤੇ ਇਨ੍ਹਾਂ ਦਾ ਮਲਾਹ ਗ਼ਰੀਬਾਂ ਨੂੰ ਪਾਰ ਕਰ ਆਉਂਦਾ।

ਪਟਣੇ ਵਿਚ ਇਕ ਪੰਡਿਤ ਸੀ, ਬੜੀਆਂ ਭੋਆਂ ਵਾਲਾ ਤੇ ਪੈਸੇ ਵਾਲਾ, ਇਸ ਨੂੰ ਲੋਕ ਰਾਜਾ ਆਖਦੇ ਸਨ। ਪਰ ਇਹ ਕੁਛ ਰਬ ਦੇ ਪਾਸੇ ਦਾ ਸ਼ੌਕ ਰਖਦਾ ਸੀ। ਸਵੇਰੇ ਉਠ ਕੇ ਗੰਗਾ ਕਿਨਾਰੇ ਘਾਟ ਤੇ ਬੈਠ ਕੇ ਸਾਹਮਣੇ ਮਰਜੰਗੀ ਰਖ ਕੇ ਠਾਕੁਰ ਪੂਜਾ ਕਰਦਾ ਹੁੰਦਾ ਸੀ।

ਮਰਜੰਗੀ ਹੁੰਦੀ ਏ ਨਿੱਕੀ ਜਿਹੀ ਚੋਂਕੀ, ਡੱਬੇ ਦੀ ਸ਼ਕਲ ਦੀ। ਉਸ ਵਿਚ ਪਿੱਤਲ ਦੀਆਂ ਮੂਰਤੀਆਂ ਹੁੰਦੀਆਂ ਹਨ ਠਾਕੁਰ ਦੀਆਂ। ਉਹਨਾਂ ਦੀ ਪੰਡਿਤ ਪੂਜਾ ਕਰਦਾ ਹੁੰਦਾ ਸੀ।

ਇਹ ਵੇਖਦਾ ਹੁੰਦਾ ਸੀ ਕਿ ਇਕ ਬੜਾ ਤੇਜਮਈ ਬਾਲਕਾ ਹੋਰ ਬੱਚਿਆਂ ਦੀ ਫੌਜ ਲੈ ਕੇ ਘਾਟ ਤੇ ਆ ਜਾਂਦਾ ਤੇ ਤੜਥੱਲੀ ਮਚਾ ਦੇਂਦਾ ਹੈ। ਪਰ ਨਾਲ ਹੀ ਵੇਖਿਆ ਕਰੇ ਕਿ ਚਾਹੇ ਇਸਦਾ ਬਲ ਤੇ ਤੇਜ ਐਨਾ ਹੈ, ਜੋ ਇਸ ਤੋਂ ਠਲ੍ਹਿਆ ਨਹੀਂ ਜਾਂਦਾ, ਪਰ ਇਹ ਕੋਈ ਗੱਲ ਮਾੜੀ ਨਹੀਂ ਕਰਦਾ। ਜੋ ਕੁਛ ਕਰਦਾ ਹੈ ਉਪਰੋਂ ਹੋਰਵੇਂ ਲਗਦਾ ਹੈ, ਵਿਚੋਂ ਦੂਜੇ ਦਾ ਭਲਾ ਹੁੰਦਾ ਹੈ! ਇਸ ਤਰ੍ਹਾਂ ਉਹ ਇਸ ਸੁਹਣੇ ਬਾਲਕੇ ਦੇ ਚੋਜ ਵੇਖਦਾ ਹੁੰਦਾ ਸੀ। ਇਕ ਦਿਨ ਏਸ ਨੇ ਆਪਣੇ ਧਿਆਨ ਵਿਚ ਡਿੱਠਾ ਕਿ ਇਹ ਬਾਲਕਾ ਤਾਂ ਰੱਬ ਜੀ ਦਾ ਬਾਲਕਾ ਹੈ ਤੇ ਰੱਬ ਜੀ ਨੇ ਪਾਲਿਆ ਹੈ। ਅੱਖ ਖੁਲ੍ਹੀ ਤਾਂ ਕੀ ਵੇਖੇ ਕਿ ਕਿੰਨੇ ਹੋਰ ਬਾਲ 'ਗੋਬਿੰਦ'—ਖਿਲਾਰੀ ਲਗਦਾ ਗੋਬਿੰਦ—ਆ ਗਿਆ ਹੈ। ਇਸ ਵੇਲੇ ਇਕ ਆਦਮੀ ਨਦੀ ਦੇ ਕਿਨਾਰੇ ਖੜਾ ਚੜ੍ਹਦੇ ਸੂਰਜ ਦੀ ਟਿੱਕੀ ਨੂੰ ਵੇਖ ਰਿਹਾ ਸੀ।

'ਗੋਬਿੰਦ' 'ਗੋਬਿੰਦ' ਦੀ ਸੱਦ ਫੈਲ ਗਈ, ਬਾਲਾਂ ਦੀ ਸੈਨਾ ਨੇ ਨਦੀ ਵਿਚ ਵੜ ਕੇ ਪਾਣੀ ਦੇ ਐਨੇ ਉਛਾਲੇ ਮਾਰੇ ਕਿ ਕਿਨਾਰੇ ਬੈਠੇ ਸਮਾਧੀ ਵਾਲੇ ਸਾਰੇ ਭੱਜ ਗਏ।

ਉਹ ਜੋ ਆਦਮੀ ਸੂਰਜ ਵਲ ਖੜਾ ਤੱਕ ਰਿਹਾ ਸੀ, ਰੋਗੀ ਸੀ, ਸਾਰੀ ਦੇਹ ਉਸ ਦੀ ਫਟ ਚੁਕੀ ਸੀ, ਲੋਕੀ ਉਸ ਨੂੰ ਕੋਹੜੀ ਜਾਣਦੇ ਸਨ। ਉਸ ਰੌਲੇ ਵਿਚ, ਜੋ ਬਾਲਾਂ ਮਚਾ ਰਖਿਆ ਸੀ, ਸੁਹਣੇ ਬਾਲਕੇ ਨੇ ਧੱਕਾ ਮਾਰ ਕੇ ਉਸ ਆਦਮੀ ਨੂੰ ਨਦੀ ਵਿਚ ਸੁੱਟ ਦਿੱਤਾ; ਸਾਰਾ ਭਿੱਜ ਗਿਆ, ਨ੍ਹਾਤਾ ਗਿਆ। ਰੋਹ, ਡਾਢੇ ਰੋਹ ਵਿਚ ਉਹ ਭਰ ਰਿਹਾ ਸੀ, ਭਰਿਆ ਪੀਤਾ ਗੁੱਸੇ ਵਿਚ ਬਾਹਰ ਨਿਕਲਿਆ ਕਿ ਬਾਲਕੇ ਨੂੰ ਫੜਾਂ, ਪਰ ਕੀਹ ਦੇਖੇ ਕਿ ਸਰੀਰ ਵਿਚ ਜੋ ਸਾੜ ਪੈਂਦਾ ਤੇ ਪੀੜ ਹੁੰਦੀ ਸੀ, ਹਟ ਗਈ ਹੈ। ਠੰਢ ਠੰਢ ਪੈ ਰਹੀ ਹੈ। ਜਦ ਪਿੰਡੇ ਨੂੰ ਤੱਕੇ ਤਾਂ ਸਾਰਾ ਨਵਾਂ ਨਰੋਆ ਹੋ ਗਿਆ ਹੈ। ਫਿਰ ਤਾਂ ਸਮਝ ਗਿਆ ਕਿ ਏਸ

[ਬਾਕੀ ਦੇਖੋ ਸਫ਼ਾ ੩੭ ਦੇ ਹੇਠ]



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ

ਪਿਛਲੇ ਕੁਝ ਸਾਲਾਂ ਤੋਂ ਦੇਖਣ ਵਿਚ ਆ ਰਿਹਾ ਹੈ ਕਿ ਪੰਥਕ ਨਾਂ ਥਲੇ ਕਾਨਫਰੰਸਾਂ, ਕਨਵੈਨਸ਼ਨਾਂ ਅਤੇ ਕੀਰਤਨ-ਦਰਬਾਰਾਂ ਆਦਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤਾਂ ਕੀਤਾ ਜਾਂਦਾ ਹੈ, ਪਰ ਸਨਮਾਨ ਬਿਲਕੁਲ ਨਹੀਂ ਕੀਤਾ ਜਾਂਦਾ। ਅਜਿਹੀਆਂ ਇਕੱਤਰਤਾਵਾਂ ਵਿਚ ਧਰਮ ਅਤੇ ਧਾਰਮਕ ਰਹੁ-ਰੀਤਾਂ ਦਾ ਕੇਵਲ ਠਾਠਾ-ਬਾਗਾ ਹੀ ਹੁੰਦਾ ਹੈ, ਅਸਲੀ ਗੱਲ ਤਾਂ ਝੋਲੀ-ਚੁਕੀ ਕਰ ਕਰ ਕੇ ਪ੍ਰਬੰਧਕਾਂ ਤੇ ਮੁਖੀਆਂ ਦੇ ਨਿਜੀ ਉਲੂ ਸਿਧਾ ਕਰਨ ਦੀ ਹੁੰਦੀ ਹੈ।

ਚੀਫ ਖ਼ਾਲਸਾ ਦੀਵਾਨ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਕੀਤੀ ਗਈ ਸਿਖ ਐਜੂਕੇਸ਼ਨਲ ਕਾਨਫਰੰਸ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਅਤੇ ਅਦਬ ਅਦਾਬ ਪੂਰੀ ਤਰ੍ਹਾਂ ਨਹੀਂ ਰਖਿਆ ਗਿਆ। ਪਿਛਲੀ ਪੀੜ੍ਹੀ ਦੇ ਸ਼ਰਧਾਲੂ ਸਿਖਾਂ ਦੀਆਂ ਅੱਖਾਂ ਪੂੰਝਣ ਲਈ ਸੰਗਤੀ ਰੂਪ ਵਿਚ ਬੈਠਣ ਲਈ ਵੱਖਰਾ ਪੰਡਾਲ ਬਣਾਇਆ ਗਿਆ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ, ਪਰ ਦੀਵਾਨ ਦੀ ਸਮਾਪਤੀ ਤੋਂ ਮਗਰੋਂ ਵੀ ਗੁਰੂ ਮਹਾਰਾਜ ਜੀ ਦੀ ਸਵਾਰੀ ਨੂੰ ਓਵੇਂ ਹੀ ਬਿਰਾਜਮਾਨ ਰਹਿਣ ਦਿਤਾ ਜਾਂਦਾ ਰਿਹਾ, ਜਦ ਕਿ ਉਨ੍ਹਾਂ ਦੀ ਸੇਵਾ ਵਿਚ ਕੋਈ ਵੀ ਵਿਅਕਤੀ ਨਹੀਂ ਸੀ ਹੁੰਦਾ।

ਸਾਰੀ ਮਹੱਤਤਾ, ਨਾਲ ਦੇ ਕੁਰਸੀਆਂ ਵਾਲੇ ਪੰਡਾਲ ਨੂੰ ਦਿੱਤੀ ਜਾਂਦੀ ਰਹੀ। ਇਹ ਵੱਖਰਾ ਪੰਡਾਲ ਸ਼ਾਇਦ ਇਸ ਲਈ ਬਣਾਇਆ ਗਿਆ ਕਿ ਐਜੂਕੇਸ਼ਨਲ ਖੇਤਰ ਵਿਚ ਏਨੇ ਬੁਧੀ-ਜੀਵੀਆਂ ਦੇ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਅਗਵਾਈ ਦੀ ਲੋੜ ਨਹੀਂ ਸੀ ਭਾਸਦੀ। ਸਿਖ ਧਰਮ ਦੀ ਪ੍ਰਮੁਖ ਧਾਰਮਿਕ ਸੰਸਥਾ ਦੇ ਗੁਰੂ ਪਾਤਸ਼ਾਹ ਪ੍ਰਤੀ ਬੇ-ਰੁਖ਼ੀ ਦਾ ਇਹ ਵਤੀਰਾ ਦੇਖ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਦਿਕ ਸਿਖਾਂ ਨੂੰ ਬੜੀ ਮਾਯੂਸੀ ਹੋਈ ਹੈ।

ਅਸੀਂ ਕਾਨਫਰੰਸਾਂ, ਕਨਵੈਨਸ਼ਨਾਂ, ਕੀਰਤਨ-ਦਰਬਾਰਾਂ ਦੇ ਪ੍ਰਬੰਧਕਾਂ ਨੂੰ ਸਿਖ ਕੌਮ ਦੇ ਜਜ਼ਬਾਤਾਂ ਤੋਂ ਜਾਣੂ ਕਰਵਾਉਂਦੇ ਹੋਏ ਇਹ ਕਹਿਣਾ ਚਾਹੁੰਦੇ ਹਾਂ ਕਿ ਜਿੰਨੀ ਦੇਰ ਤਕ ਇਨ੍ਹਾਂ ਸਾਰੇ ਪੰਥਕ ਪ੍ਰੋਗਰਾਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਅਤੇ ਸਤਿਕਾਰ, ਹਜ਼ੂਰ ਦੀ ਸ਼ਾਨ ਮੁਤਾਬਿਕ ਕਾਇਮ ਨਹੀਂ ਰਖਿਆ ਜਾਂਦਾ, ਕੋਈ ਸਮਾਗਮ ਜਾਂ ਕਾਰਜ ਸਫਲ ਨਹੀਂ ਗਿਣਿਆ ਜਾ ਸਕਦਾ ਤੇ ਉਸ ਦੇ ਉਸਾਰੂ ਸਿੱਟੇ ਨਹੀਂ ਨਿਕਲ ਸਕਦੇ। ਇਹ ਕੁਝ ਤਾਂ ਤਦੋਂ ਹੀ ਸੰਭਵ ਹੋ ਸਕਦਾ ਹੈ ਜੇ ਸਿਖ ਦੇ ਹਰੇਕ ਸਮਾਗਮ ਵਿਚ ਹੀਰੋ ਕੇਵਲ ਗੁਰੂ ਹੋਵੇ ਅਤੇ ਸਿਖ ਦਾ ਹਰੇਕ ਚਿੰਤਨ ਅਤੇ ਕਰਤਵ ਸਤਿਗੁਰੂ ਦੇ ਭਉ ਤੇ ਭਾਉ ਦੇ ਕੁੰਡੇ ਥਲੇ ਹੋਵੇ।

---

[ ੩੬ ਸਫੇ ਦੀ ਬਾਕੀ ]

ਅੱਥਰੇ ਬਾਲ ਦੀ ਕਰਾਮਾਤ ਹੈ। ਫੇਰ ਤਾਂ ਫੜਨ ਦੀ ਥਾਂ ਪੈਰੀਂ ਪੈ ਗਿਆ, ਆਖੇ, ਗੋਬਿੰਦ, ਤੂੰ ਸਚਮੁਚ ਗੋਬਿੰਦ ਹੈਂ। ਤੂੰ ਗੋਬਿੰਦ, ਤੂੰ ਗੋਬਿੰਦ, ਤੂੰ ਗੋਬਿੰਦ ਕਰਦਾ ਬੇਸੁਰਤ ਜਿਹਾ ਹੋ ਗਿਆ।

ਸ਼ਿਵਦਤ ਪੰਡਤ ਇਹ ਕੌਤਕ ਦੇਖ ਰਿਹਾ ਸੀ। ਉਠ ਕੇ ਡਿਠੋ ਸੁ ਕਿ ਕੋਹੜ ਇਕੋ ਧੱਕੇ ਨਾਲ ਰਾਜ਼ੀ ਹੋ ਗਿਆ ਹੈ ਤਾਂ ਉਸ ਨੂੰ ਪੂਰੀ ਤਸੱਲੀ ਹੋ ਗਈ, ਦਿਲੋਂ ਅਮੰਨਾ ਆ ਗਿਆ ਕਿ ਜੋ ਕੁਝ ਮੈਂ ਸਵੇਰੇ ਸਮਾਧੀ ਵਿਚ ਡਿਠਾ ਸੀ, ਕਿ ਇਹ ਬਾਲਕਾ ਰੱਬ ਦੀ ਜੋਤਿ ਵਿਚੋਂ ਆਇਆ ਹੈ, ਇਹ ਧਰਤੀ ਦੇ ਲੋਕਾਂ ਦੇ ਦੁਖ ਦੂਰ ਕਰਨ ਆਇਆ ਹੈ, ਠੀਕ ਹੈ। ਐਤਨੀ ਤਾਕਤ, ਐਤਨੀ ਸ਼ਕਤੀ ਕਿਸ ਵਿਚ ਹੋ ਸਕਦੀ ਹੈ ਕਿ ਇਸ ਤਰ੍ਹਾਂ ਰੋਗੀ ਰਾਜ਼ੀ ਕਰ ਦੇਵੇ। ਸ਼ਿਵਦਤ ਬੀ ਉੱਠ ਕੇ ਪੈਰਾਂ ਨੂੰ ਚੰਬੜ ਗਿਆ; ਆਖੇ: ਗੋਬਿੰਦ, ਗੋਬਿੰਦ, ਤੂੰ ਗੋਬਿੰਦ, ਤੂੰ ਸਾਖਜਾਤ ਗੋਬਿੰਦ ਹੈਂ†।

ਅੱਜ ਤੋਂ ਸ਼ਿਵਦੱਤ ਨੂੰ ਪਿਆਰ ਪੈ ਗਿਆ। ਸਾਹਿਬਜ਼ਾਦੇ ਜੀ ਇਸ ਘਾਟ ਤੇ ਆਂ ਕੇ ਇਸ ਨੂੰ ਮਿਲਿਆ ਕਰਦੇ ਸਨ ਤੇ ਇਸ ਨਾਲ ਜਦ ਗੱਲਾਂ ਕਰਦੇ ਸਨ ਤਾਂ ਬਾਲਕੇ ਨਹੀਂ ਸਨ ਜਾਪਦੇ, ਚੰਗੇ ਉਚੇ ਵਿਦਜਾ ਵਾਲੇ ਪੰਡਿਤ ਲਗਦੇ ਸਨ। ਇਸ ਗੱਲ ਤੋਂ ਬੀ ਪੰਡਤ ਦੀ ਨਿਹਚਾ ਡਾਢੀ ਪੱਕੀ ਹੋ ਗਈ।

---

†ਸਚਮੁਚ ਅੱਖਾਂ ਦੇ ਸਾਹਮਣੇ ਦਿਸਦਾ ਗੋਬਿੰਦ ਹੈਂ ਤੂੰ।



www.AKJ.Org

# ਨਸ-ਬੰਦੀ ਬਾਰੇ ਸ਼੍ਰੋਮਣੀ ਗੁਃ ਪ੍ਰਃ ਕਮੇਟੀ ਦਾ ਮਤਾ

ਇਸ ਹੈਡਿੰਗ ਹੇਠ ਦਸੰਬਰ ਦੇ ਪਰਚੇ ਵਿਚ, ਇਸ ਮਸਲੇ ਸਬੰਧੀ 'ਗੁਰਮਤਿ ਪ੍ਰਕਾਸ਼' ਵਿਚਲੇ ਲੇਖ ਵਿਚੋਂ ਤਖ਼ਤ ਸਾਹਿਬਾਨ ਦੇ ਜੱਥੇਦਾਰਾਂ ਅਤੇ ਵਿਦਵਾਨਾਂ ਦਾ ਫ਼ੈਸਲਾ ਛਪਿਆ ਸੀ। ਹੁਣ ਅਸੀਂ ਸ਼੍ਰੋਮਣੀ ਕਮੇਟੀ ਦੀ ੧੬-੯-੭੬ ਦੀ ਅੰਤ੍ਰਿੰਗ ਕਮੇਟੀ ਦਾ ਮਤਾ ਹੇਠਾਂ ਦੇ ਰਹੇ ਹਾਂ, ਜੋ ਬਾਅਦ ਵਿਚ ੨੧.੧੧.੭੬ ਦੇ ਜਨਰਲ ਇਜਲਾਸ ਵਿਚ ਵੀ ਹੂਬਹੂ ਇਸੇ ਤਰ੍ਹਾਂ ਪਰਵਾਨ ਕੀਤਾ ਗਿਆ—

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੧੬-੯-੭੬ ਦੇ ਮਤਾ ਨੰਬਰ ੭੮੭ ਦਾ ਉਤਾਰਾ--

"ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਹ ਇਕੱਤਰਤਾ ਕੇਂਦਰੀ ਸਰਕਾਰ ਵਲੋਂ ਕੀਤੀ ਜਾ ਰਹੀ ਜਬਰੀ ਨੱਸ-ਬੰਦੀ ਅਤੇ ਨਲ ਬੰਦੀ ਵਿਰੁੱਧ ਤਿੱਖੇ, ਰੋਸ ਭਰੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਸਰਬ ਸੰਮਤੀ ਨਾਲ ਪਰਵਾਨ ਕਰਦੀ ਹੈ ਕਿ ਸਿੱਖਾਂ ਲਈ ਰੋਮਾਂ ਦੀ ਬੇਅਦਬੀ ਬਿਵਰਜਤ ਹੀ ਨਹੀਂ, ਬਲਕਿ ਇਕ ਬੱਜਰ ਕੁਰਹਿੱਤ ਹੈ। ਅਜਿਹਾ ਕਰਨ ਨਾਲ ਸਿੱਖ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿਲਕ ਤੇ ਜੰਞੂ ਦੀ ਰਾਖੀ ਲਈ ਸ਼ਹਾਦਤ ਦੇਣਾ ਇਸ ਗਲ ਦਾ ਸਪੱਸ਼ਟ ਸੰਕੇਤ ਹੈ ਕਿ ਕਿਸੇ ਵੀ ਧਰਮ ਵਿਚ ਅਜਿਹਾ ਦਖ਼ਲ ਨਾ-ਰਵਾ, ਨਾ-ਕਾਬਲਿ ਬਰਦਾਸ਼ਤ, ਤੇ ਨਿੰਦਨੀਯ ਹੈ। ਜਿਵੇਂ ਹਿੰਦੂ ਧਰਮ ਵਿਚ ਤਿਲਕ ਅਤੇ ਜੰਞੂ ਇਸ ਦੇ ਧਾਰਮਿਕ ਚਿੰਨ੍ਹ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਕਾਨੂੰਨ ਦੀ ਜ਼ਦ ਵਿਚ ਲਿਆ ਕੇ ਜਬਰਨ ਉਤਾਰਿਆ ਜਾਣਾ ਹਿੰਦੂ ਧਰਮ ਨੂੰ ਨਸ਼ਟ ਕਰਨ ਸਮਾਨ ਹੈ, ਇਸੇ ਤਰ੍ਹਾਂ ਸਿੱਖ ਧਰਮ ਵਿਚ ਰੋਮ, ਭਾਵੇਂ ਉਹ ਸਰੀਰ ਦੇ ਕਿਸੇ ਵੀ ਹਿੱਸੇ ਉਤੇ ਹੋਣ, ਦੀ ਬੇਅਦਬੀ, ਕਿਸੇ ਵੀ ਕਾਨੂੰਨ ਦੀ ਜ਼ਦ ਵਿਚ ਲਿਆ ਕੇ ਨੱਸ-ਬੰਦੀ ਆਦਿਕ ਦੇ ਰੂਪ ਵਿਚ ਕਰਨਾ ਸਿੱਖ-ਧਰਮ ਵਿਚ ਸਿੱਧਾ ਦਖ਼ਲ ਹੈ। ਇਹ ਇਸ ਦੇ ਬੁਨਿਆਦੀ ਤੇ ਮੁੱਢਲੇ ਸਿਧਾਂਤਾ ਦੇ ਐਨ ਉਲਟ ਹੈ। ਸਿੱਖ-ਧਰਮ ਵਲੋਂ ਕਿਸੇ ਵੀ ਅਜਿਹੇ ਕਾਨੂੰਨ ਨੂੰ, ਜੋ ਸਿੱਧੇ ਜਾਂ ਅਸਿੱਧੇ ਤੌਰ ਪੁਰ ਇਸ ਵਿਚ ਦਖ਼ਲ ਦੇਵੇ, ਸਿੱਖ ਕੌਮ ਨੂੰ ਨਸ-ਬੰਦੀ ਦਾ ਸ਼ਿਕਾਰ ਬਣਾਵੇ ਅਤੇ ਅਜਿਹਾ ਕਰਕੇ ਸਿੱਖ ਕੌਮ ਵਿਚ ਰੋਮਾਂ ਦੀ ਰਹਿਤ ਦੇ ਅਹਿਸਾਸ ਨੂੰ ਖ਼ਤਮ ਕਰੇ, ਕਿਸੇ ਵੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਿੱਖ ਕੌਮ ਸਿੱਧੇ ਜਾ ਅਸਿੱਧੇ ਢੰਗ ਨਾਲ ਇਸ ਸਬੰਧ ਵਿਚ ਬਨਣ ਵਾਲੀ ਕਿਸੇ ਵੀ ਨਿਯਮਾਵਲੀ ਜਾਂ ਕਾਨੂੰਨ ਨੂੰ ਪਰਵਾਨ ਨਹੀਂ ਕਰੇਗੀ। ਜਿਸ ਦੇਸ਼ ਵਿਚ ਵੋਟਾਂ ਹੀ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿਚ ਨੁਮਾਇੰਦਗੀ ਦਾ ਆਧਾਰ ਹੋਣ, ਉਥੇ ਸਿੱਖਾਂ ਵਰਗੀ ਧਾਰਮਿਕ, ਦੇਸ਼ ਭਗਤ ਤੇ ਦੇਸ਼ ਦੀ ਪਰਵਾਨਤ ਮਹਾਨ ਤੇ ਜ਼ਰੂਰੀ ਘੱਟ-ਗਿਣਤੀ, ਨਸ-ਬੰਦੀ ਦਾ ਸ਼ਿਕਾਰ ਹੋ ਕੇ ਆਪਣੀ ਪ੍ਰਫੁਲਤਾ ਨੂੰ ਕਿਸੇ ਵੀ ਤਰ੍ਹਾਂ ਸੁਰਖਿਅਤ ਨਹੀਂ ਸਮਝ ਸਕਦੀ। ਸੋ ਇਹਨਾਂ ਹਕੀਕਤਾਂ, ਹਾਲਾਤ ਤੇ ਵਾਕਿਆਤ ਦੀ ਸਚਾਈ ਅਥਵਾ ਰੋਸ਼ਨੀ ਵਿਚ ਅੱਜ ਦੀ ਇਹ ਇਕੱਤਰਤਾ ਨਸ-ਬੰਦੀ ਨੂੰ ਸਿੱਖੀ ਦਾ ਕੱਤਲ ਕਰਨਾ ਕਰਾਰ ਦਿੰਦੀ ਹੈ।"

---

# ਪਿੰਡ ਮੁੰਡੀ ਖਰੜ ਜ਼ਿਲਾ ਰੋਪੜ ਵਿਖੇ ਕੀਰਤਨ ਰੈਣ ਸਬਾਈ

੮ ਜਨਵਰੀ ੧੯੭੭ ਸ਼ਨੀਵਾਰ ਰਾਤ ਨੂੰ ਗੁਰੂ ਪਿਆਰੇ ਭਾ: ਬਲਦੇਵ ਸਿੰਘ ਜੀ ਦੇ ਗ੍ਰਹਿ ਪਿੰਡ ਮੁੰਡੀ ਖਰੜ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਕੀਰਤਨ-ਰਸੀਏ ਵੀਰ ਭੈਣਾਂ ਹਾਜ਼ਰੀਆਂ ਭਰਨ। ਪਿੰਡ ਮੁੰਡੀ ਖਰੜ, ਖਰੜ ਤੋਂ (ਚੰਡੀਗੜ੍ਹ ਵਲ ਜਾਣ ਵਾਲੀ ਸੜਕ ਤੇ) ਇਕ ਮੀਲ ਹੈ।

ਪ੍ਰਾਰਥਕੀ ਦਾਸਰੇ—ਅਖੰਡ ਕੀਰਤਨੀ ਜਥਾ, ਖਰੜ



www.AKJ.Org

# ਬਾਬਾ ਸੰਤ ਸਿੰਘ ਜੀ ਦੇ ਫ਼ੈਸਲੇ ਵਿਚ ਇਤਰਾਜ਼ ਯੋਗ ਨੁਕਤੇ ਅਤੇ ਉਨ੍ਹਾਂ ਤੇ ਵਿਚਾਰ

[ਵਲੋਂ:—ਗਿ: ਊਧਮ ਸਿੰਘ ਜੀ, ਰਜੌਰੀ ਗਾਰਡਨ, ਨਵੀਂ ਦਿੱਲੀ]

ਮਿਤੀ ੬-੧੦-੭੬ ਨੂੰ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਬਾਰੇ ਨਿਹੰਗ ਸਿੰਘ ਜਥੇਦਾਰ ਬਾਬਾ ਸੰਤਾ ਸਿੰਘ ਜੀ ਨੇ ਜੋ ਫ਼ੈਸਲਾ ਦਿਤਾ ਹੈ ਉਸ ਵਿਚ ਜੋ ਇਤਰਾਜ਼ ਯੋਗ ਨੁਕਤੇ ਹਨ ਉਨ੍ਹਾਂ ਦਾ ਵੇਰਵਾ ਅਤੇ ਸੰਖੇਪ ਵਿਚਾਰ ਇਸ ਪ੍ਰਕਾਰ ਹੈ, ਜਿਸ ਵਲ ਧਿਆਨ ਦੇਣ ਦੀ ਲੋੜ ਹੈ—

੧. ਇਹ ਫ਼ੁਰਮਾਨ ਉਨ੍ਹਾਂ "ਮੈਂ ਸਿੰਘ ਸਾਹਿਬ ਬਾਬਾ ਸੰਤਾ ਸਿੰਘ" ਲਫ਼ਜ਼ਾਂ ਤੋਂ ਅਰੰਭ ਕੀਤਾ ਹੈ, ਜੋ ਸਿਖੀ ਵਾਲੀ ਨਿਮ੍ਰਤਾ ਦੇ ਵਿਰੁਧ ਹੈ ਅਤੇ ਵਿਅਕਤੀ-ਗਤ ਤੌਰ ਤੇ ਹੈ, ਮੈਂ ਵਾਲੀ ਗੱਲ ਉਨ੍ਹਾਂ ਦੇ ਦਸਖ਼ਤਾਂ ਕੋਲ ਆ ਸਕਦੀ ਸੀ ਅਤੇ ਸਮੁਚੇ ਪੰਥ ਦੇ ਐਡੇ ਵਡੇ ਮਸਲੇ ਬਾਰੇ ਫ਼ੈਸਲਾ ਪੰਥ ਦੀ ਪਾਰਲੀਮੈਂਟ ਪੰਜ ਪਿਆਰੇ ਹੀ ਦੇ ਸਕਦੇ ਹਨ।

੨. ਤਖ਼ਤ ਅਸਥਾਨ ਨੂੰ "ਇਹ ਅੰਗੀਠਾ ਸਾਹਿਬ ਨਹੀਂ ਤਪ ਅਸਥਾਨ ਹੈ" ਕਹਿਣਾ, ਦਲੀਲ ਅਤੇ ਹਕੀਕਤ ਤੋਂ ਸਖਣੀ ਗੱਲ ਹੈ, ਕਿਉਂਕਿ ਗੁਰੂ ਕਲਗੀਧਰ ਜੀ ਨੇ ਅੰਤਮ ਸਮੇਂ ਇਥੇ ਹੀ ਤੰਬੂ ਵਿਚ ਪ੍ਰਵੇਸ਼ ਕੀਤਾ ਸੀ ਅਤੇ ਦੂਜੀ ਗੱਲ ਇਹ ਹੈ ਕਿ ਅਜਿਹੀ ਕੋਈ ਮਸਾਲ ਨਹੀਂ ਕਿ ਪ੍ਰਕਾਸ਼ ਅੰਗੀਠਾ ਸਾਹਿਬ ਤੇ ਹੋ ਸਕਦਾ ਹੈ, ਤਪ ਅਸਥਾਨ ਤੇ ਨਹੀਂ।

੩. "ਇਥੇ ਸ਼ਸਤ੍ਰ ਹੀ ਸੁਭਾਇਮਾਨ ਹੋ ਸਕਦੇ ਹਨ, ਕਿਉਂਕਿ ਸ਼ਸਤ੍ਰ ਸਾਡਾ ਇਸ਼ਟ ਦੇਵ ਹਨ" ਇਹ ਆਪ ਦਾ ਕਥਨ ਸ਼ਸਤ੍ਰਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਵਡਾ ਅਤੇ ਪੰਥ ਦਾ ਗੁਰੂ ਸਾਬਤ ਕਰਦਾ ਹੈ, ਜੋ ਖ਼ਾਲਸਾ ਪੰਥ ਦੇ ਧੁਰੇ ਨੂੰ ਹੀ ਹਿਲਾ ਦੇਣ ਵਾਲੀ ਗੱਲ ਹੈ, ਸ਼ਸਤ੍ਰ ਹਮੇਸ਼ਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਖੇ ਜਾਂਦੇ ਹਨ, ਸ਼ਸਤ੍ਰਾਂ ਦੀ ਤਾਬਿਆ ਗੁਰੂ ਗ੍ਰੰਥ ਸਾਹਿਬ ਨਹੀਂ।

੪. ਆਪ ਦਾ ਇਹ ਕਹਿਣਾ ਵੀ ਯੋਗ ਨਹੀਂ "ਜੋ ਜਰਮਨ ਦੀ ਬੀੜ ਸੁਖਾਸਨ ਕੀਤੀ ਹੋਈ ਮੋਨੀ ਜੀ ਵਲੋਂ ਰਖੀ ਹੋਈ ਹੈ, ਇਸ ਦਾ ਉਹ ਪ੍ਰਕਾਸ਼ ਨਹੀਂ ਕਰਦੇ, ਮਨਮਤ ਹੈ"। ਪ੍ਰਕਾਸ਼ ਨਾ ਕਰਨਾ ਤਾਂ ਮਨਮਤ ਹੋ ਸਕਦੀ ਹੈ, ਬੀੜ ਰਖਣੀ ਮਨਮਤ ਨਹੀਂ।

੫. ਸ਼ੀਸ਼ੇ ਅਤੇ ਪੜਦੇ ਵਾਲੀ ਆਪ ਦੀ ਰਾਇ ਸਿਖੀ ਸਿਧਾਂਤ ਦੇ ਵਿਰੁਧ ਹੈ। ਇਹ ਗੁਰੂ-ਅਸਥਾਨ ਹੈ, ਮੰਦਰ ਨਹੀਂ ਅਤੇ ਸਿਖੀ ਦੀ ਸ਼ਰਧਾ ਦਾ ਸਬੰਧ ਖੁਲ੍ਹੇ ਦਰਸ਼ਨ ਦੀਦਾਰੇ ਨਾਲ ਹੈ। ਲੁਕਾਉ-ਛਿਪਾਉ ਨਾਲ ਨਹੀਂ।

੬. ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਵਿਚ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨਾ ਅਤੇ ਸਮਾਨਤਾ ਦੇਣੀ ਸਤਿਗੁਰੂ ਸਬੰਧੀ ਏਕਤਾਵਾਦ ਦੇ ਵਿਰੁਧ ਹੈ। ਗੁਰੂ ਕਲਗੀਧਰ ਜੀ ਦਾ ਆਪਣਾ ਫ਼ੁਰਮਾਨ ਹੈ ਕਿ "ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ, ਅਉਰ ਬਾਸਨਾ ਨਹਿ ਕੋ, ਧਰਮ ਜੁਧ ਕੈ ਚਾਇ", ਜੋ ਸਤਿਗੁਰੂ ਦੀ ਧਰਮ ਜੁਧ ਦਾ ਚਾਉ ਪੈਦਾ ਕਰਨ ਤੋਂ ਬਿਨਾਂ ਇਸ ਰਚਨਾ ਲਈ ਆਤਮ ਵਾਸ਼ਨਾ ਹੀ ਨਹੀਂ ਤਾਂ ਇਸ਼ਨੂੰ ਗੁਰੂ ਦੀ ਤੁਲਨਾ ਕਿਵੇਂ ਦਿਤੀ ਜਾ ਸਕਦੀ ਹੈ, ਫਿਰ ਤਾਂ ਜੰਗਾਂ ਜੁਧਾਂ ਵਾਲੇ ਸਾਰੇ ਗ੍ਰੰਥਾਂ ਦਾ ਇਸੇ ਤਰ੍ਹਾਂ ਪ੍ਰਕਾਸ਼ ਕਰਨਾ ਪਵੇਗਾ। ਅਸਲ ਗੱਲ ਤਾਂ ਇਹ ਹੈ ਕਿ ਦਸਮ ਗ੍ਰੰਥ ਖਾਲਸਾ ਪੰਥ ਦਾ ਅਮੁਲਾ ਖ਼ਜ਼ਾਨਾ ਹੈ, ਇਸ ਵਿਚ ਜਾਪੁ ਸਾਹਿਬ ਆਦਿ ਬਾਣੀਆਂ ਵੀ ਹਨ ਤੇ ਸਿਖਿਆ ਯੋਗ ਕਥਾਵਾਂ ਵੀ। ਇਸ ਦਾ ਹਰ ਗੁਰਦਵਾਰੇ ਵਿਚ ਹੋਣਾ ਜ਼ਰੂਰੀ ਹੈ, ਪਰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਇਸ ਨੂੰ ਮੁਕਾ ਦੇਣ ਦੀ ਰਾਇ ਵਾਲੇ ਸੱਜਣ ਵੀ ਸਿਖੀ ਦੀਆਂ ਜੜ੍ਹਾਂ ਹਿਲਾ ਰਹੇ ਹਨ।

੭. ਸਭ ਤੋਂ ਇਤਰਾਜ਼ਯੋਗ ਆਪ ਦੇ ਇਹ ਅਖਰ ਹਨ ਕਿ "ਸ਼ਹੀਦੀ ਦੇਗ ਦਾ ਭੋਗ ਅਤਿ ਜ਼ਰੂਰੀ ਹੈ। ਸ਼ਰਦਾਈ ਭੋਗ ਨਹੀਂ, ਸ਼ਹੀਦੀ ਦੇਗ ਜਿਸ ਵਿਚ ਸੁਖ ਨਿਧਾਨ ਅਤੀ ਜ਼ਰੂਰੀ ਹੈ।" ਮੈਂ ਖਿਮਾ ਮੰਗਦਾ ਹੋਇਆ ਇਹ ਕਹਿਣ ਦੀ ਗੁਸਤਾਖ਼ੀ ਕਰਦਾ ਹਾਂ ਕਿ ਕਿਧਰੇ ਆਪ ਨੇ ਉਹ ਦੇਗ ਛਕ ਕੇ ਹੀ ਤਾਂ ਇਹ ਫੁਰਮਾਨ ਜਾਰੀ ਨਹੀਂ ਕੀਤਾ? ਕੀ ਆਪ ਇਸ ਗੁਰਵਾਕ ਤੇ ਨਿਸਚਾ ਨਹੀਂ ਰਖਦੇ



www.AKJ.Org

ਕਿ "ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ" । ਜੇ ਭੰਗ ਹੀ ਸੁਖਾਂ ਦੀ ਦਾਤੀ ਹੈ ਤਾਂ ਨਾਮ ਸਿਮਰਨ ਦੀ ਸਿਖ ਨੂੰ ਕੀ ਲੋੜ ਹੈ, ਇਸ ਤਰ੍ਹਾਂ ਕਲ ਕੋਈ ਐਸਾ ਵੀ ਪੈਦਾ ਹੋ ਸਕਦਾ ਹੈ ਜੋ ਕਹੇ ਸ਼ਰਾਬ ਵੀ ਸੁਖਦਾਈ ਦੇਗ ਹੈ।

੮. ਅਰਦਾਸ ਵਿਚ ਪੰਜਾਂ ਤਖ਼ਤਾਂ ਦਾ ਜ਼ਿਕਰ ਕਰਦਿਆਂ ਪੰਜਵਾਂ ਜੋ ਆਪ ਨੇ ਬੁਢੇ ਦਲ ਨੂੰ ਦਸਿਆ ਹੈ, ਇਸ ਤੋਂ ਜ਼ਾਹਿਰ ਹੈ ਕਿ ਆਪ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਅਨੁਸਾਰ ਪੰਜਵਾਂ ਤਖ਼ਤ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਨੂੰ ਨਹੀਂ ਮੰਨਦੇ। ਜੇ ਇਹ ਗੱਲ ਹੈ ਤਾਂ ਕਮੇਟੀ ਨੇ ਆਪ ਨੂੰ ਸਾਲਸ ਕਿਵੇਂ ਮਿਥਿਆ ?

ਦੂਜੀ ਗੱਲ ਇਹ ਹੈ ਕਿ ਤਖ਼ਤ ਇਕ ਬੈਠਣ ਵਾਲੇ ਅਸਥਾਨ ਦਾ ਨਾਮ ਹੈ, ਕਿਸੇ ਇਕ ਜਾਂ ਬਹੁਤੇ ਮਨੁੱਖਾਂ ਦਾ ਨਹੀਂ।

੯. ਨਾਰੀਅਲ ਅਤੇ ਕੁੰਭ ਬਾਰੇ ਵੀ ਆਪ ਦੀ ਰਾਇ ਗੁਰਮਤਿ ਦੇ ਅਨੁਕੂਲ ਨਹੀਂ, ਇਹ ਹਿੰਦੂ ਰੀਤ ਹੈ ਅਤੇ ਹਨੂਮਾਨ ਦੇ ਪੂਜਕਾਂ ਦੀ ਕਾਢ ਹੈ। ਨਾਰੀਅਲ ਦੇ ਬਾਹਰ ਦਾ ਹਿੱਸਾ ਸਾਫ਼ ਕਰ ਕੇ ਦੇਖੋ, ਐਨ ਹਨੂਮਾਨ ਵਰਗੀ ਸ਼ਕਲ ਦਿਖਾਈ ਦੇਂਦੀ ਹੈ, ਕੁੰਭ ਰਖਣਾ ਵੀ ਗੁਰਮਤਿ ਨਹੀਂ।

੧੦. ਬਹੁਤ ਵਡਾ ਅਨਰਥ ਸਤਾਰ੍ਹਵੇਂ ਫ਼ੁਰਮਾਨ ਵਿਚ ਹੈ ਕਿ ਸ਼ਸਤ੍ਰਾਂ ਨੂੰ ਬੱਕਰੇ ਦੇ ਖ਼ੂਨ ਦਾ ਟਿੱਕਾ ਲਗੇ। ਆਪ ਦੇ ਖ਼ਿਆਲ ਨਾਲ ਬੱਕਰੇ ਦਾ ਖ਼ੂਨ ਤਾਂ ਅੰਦਰ ਜਾਵੇ, ਪਰ "ਸੀਸ ਅੰਦਰ ਲਿਜਾਣਾ ਗੁਰਮਤਿ ਦੀ ਮਰਯਾਦਾ ਦੇ ਅਨੁਸਾਰ ਗ਼ਲਤ ਹੈ।" ਵਾਹਿਗੁਰੂ ਜਾਣੇ ਇਹ ਕਿਹੜੇ ਦੇਸ਼ ਦੀ ਗੁਰਮਤਿ ਹੈ। ਜਿਸ ਬਕਰੇ ਦੇ ਸਿਰ ਨੂੰ ਆਪ ਸੀਸ ਪਦ ਦੀ ਤੁਲਨਾ ਦੇਂਦੇ ਹਨ ਉਸ ਨਾਲੋਂ ਉਸ ਦੇ ਲਹੂ ਨੂੰ ਕਿਵੇਂ ਪਵਿੱਤ੍ਰ ਮੰਨਦੇ ਹਨ ? ਅਸਲ ਗੱਲ ਤਾਂ ਇਹ ਹੈ ਕਿ ਬਕਰੇ ਦੇ ਖ਼ੂਨ ਦਾ ਟਿੱਕਾ ਹੀ ਅਯੋਗ ਗੱਲ ਹੈ। ਸਤਿਗੁਰਾਂ ਦੇ ਸ਼ਸਤ੍ਰ ਹੋਰ ਥਾਂ ਵੀ ਤਾਂ ਹਨ।

੧੧. ਵਰਣ-ਵਾਦ ਦੇ ਸਮਾਨ ਆਪ ਦੀ ਇਹ ਰਾਇ ਕਿ ਇਸਤ੍ਰੀ ਨੂੰ ਖੰਡੇ ਦਾ ਨਹੀਂ ਕਿਰਪਾਨ ਦਾ ਅੰਮ੍ਰਿਤ ਛਕਣਾ ਚਾਹੀਦਾ ਹੈ, ਇਸਤ੍ਰੀ ਜਾਤੀ ਨਾਲ ਵਿਤਕਰਾ ਹੀ ਨਹੀਂ ਬਲਕਿ ਸ਼ਸਤ੍ਰਾਂ ਨੂੰ ਵੀ ਉੱਚੀ ਤੇ ਨੀਵੀਂ ਪੋਜ਼ੀਸ਼ਨ ਦੇਣ ਵਾਲੀ ਅਯੋਗ ਗੱਲ ਹੈ। ਇਸ ਦਾ ਭਾਵ ਇਹ ਹੈ ਕਿ ਹੁਣ ਤਕ ਜੋ ਲਖਾਂ ਬੀਬੀਆਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ ਉਹ ਗ਼ਲਤ ਸੀ ਅਤੇ ਸਾਰੇ ਸਿਖ-ਜਗਤ ਵਿਚ ਚਲ ਰਹੀ ਮਰਯਾਦਾ ਗ਼ਲਤ ਹੈ।

੧੨. ਦੂਜੀਆਂ ਜਾਤਾਂ ਨੂੰ ਵਖਰਾ ਅੰਮ੍ਰਿਤ ਛਕਾਉਣ ਦਾ ਆਪ ਦਾ ਸੰਕੇਤ ਗੁਰੂ ਸਿਖੀ ਦੀ ਸਾਂਝੀਵਾਲਤਾ ਦੇ ਵਿਰੁਧ ਹੈ। ਇਸ ਤਰ੍ਹਾਂ ਦੇ ਰਹਿਤਨਾਮੇ ਲਿਖਣ ਵਾਲਿਆਂ ਨੇ ਵੀ ਛੂਤ-ਛਾਤ ਦੇ ਦ੍ਰਿਸ਼ਟੀ-ਕੋਣ ਤੋਂ ਹੀ ਕੰਮ ਲਿਆ ਹੈ, ਗੁਰਮਤਿ ਤੋਂ ਨਹੀਂ।

੧੩. ਆਪ ਦਾ ਬੁੱਢਾ ਦਲ ਨੂੰ ਸ਼੍ਰੋਮਣੀ ਪੰਥ ਕਹਿਣਾ ਪੰਥ ਦੇ ਛੋਟੇ ਵਡੇ ਹਿੱਸੇ ਕਰਨ ਵਾਲੀ ਗੱਲ ਹੈ, ਜੋ ਪੰਥ ਲਈ ਹਾਨੀਕਾਰਕ ਹੈ। ਪੰਥ ਗੁਰੂ ਦਾ ਇਕੋ ਹੈ, ਜੋ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਭਾਵਨਾ ਰਖਦਾ ਅਤੇ ਅੰਮ੍ਰਿਤ ਪਾਨ ਕਰ ਕੇ ਸਿਖੀ ਰਹਿਤ ਵਿਚ ਵਿਚਰਦਾ ਹੈ।

ਅੰਤ ਵਿਚ ਮੇਰੀ ਬਾਬਾ ਜੀ ਨੂੰ ਬੇਨਤੀ ਹੈ ਕਿ ਆਪਣੇ ਇਸ ਫ਼ੁਰਮਾਨ ਨੂੰ ਵਾਪਸ ਲੈ ਕੇ ਪੰਥ ਵਿਚ ਵਧ ਰਹੀ ਬੇਚੈਨੀ ਦੂਰ ਕਰਨ ਅਤੇ ਸ਼੍ਰੋਮਣੀ ਕਮੇਟੀ ਵੀ ਵੋਟਾਂ ਦੀ ਝਾਕ ਵਿਚ ਨਹੀਂ, ਬਲਕਿ ਗੁਰਮਤਿ ਦੇ ਦ੍ਰਿਸ਼ਟੀਕੋਣ ਨਾਲ ਇਸ ਮੁਆਮਲੇ ਨੂੰ ਨਿਪਟਾਵੇ।

## ਪਿੰਡ ਭਾਂਬੜੀ (ਗੁਰਦਾਸਪੁਰ) ਵਿਖੇ ਕੀਰਤਨ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਭਾਂਬੜੀ ਨਜ਼ਦੀਕ ਹਰਚੋਵਾਲ ਜ਼ਿਲ੍ਹਾ ਗੁਰਦਾਸਪੁਰ ਵਿਖੇ ਅਠ ਜਨਵਰੀ ੧੯੭੭ ਸ਼ਨੀਵਾਰ ਦੀ ਰਾਤ ਨੂੰ, ਅਖੰਡ ਕੀਰਤਨੀ ਜਥਿਆਂ ਵਲੋਂ ਰੈਣ-ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ। ਅੰਮ੍ਰਿਤ-ਅਭਿਲਾਖੀ ਸਜਣ ਅਤੇ ਕੀਰਤਨ ਦੇ ਰਸੀਏ ਵੀਰ ਭੈਣਾਂ, ਸੱਜਣਾਂ ਮਿਤਰਾਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। 8 ਜਨਵਰੀ ਨੂੰ ਦੋ ਵਜੇ ਦੁਪਹਿਰ ਅਜੀਤ ਨਗਰ ਅੰਮ੍ਰਿਤਸਰ ਤੋਂ ਸਮਾਗਮ-ਅਸਥਾਨ ਲਈ ਟਰੱਕ ਚਲੇਗਾ।



www.AKJ.Org

# ਪੰਥਕ ਰਹਿਤ ਮਰਯਾਦਾ ਦਾ ਧੁਰਾ ਅਕਾਲ ਤਖ਼ਤ ਵਾਲਾ ਹੀ ਕਾਇਮ ਹੈ

## ਹੋਰ ਕਿਸੇ ਵੀ ਸੰਸਥਾ ਜਾਂ ਵਿਅਕਤੀਆਂ ਦੀ ਮਰਯਾਦਾ ਪੰਥਕ ਨਹੀਂ ਹੋ ਸਕਦੀ

ਅੰਮ੍ਰਿਤਸਰ—ਸੰਤ ਹਰਚੰਦ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਅਜ ਇਥੇ ਇਕ ਉਚੇਚੇ ਐਲਾਨ ਰਾਹੀਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਕਿਸੇ ਭਾਂਤ ਦੇ ਕੋਈ ਅਧਿਕਾਰ ਕਿਸੇ ਸੱਜਣ ਜਾਂ ਸੰਸਥਾ ਨੂੰ ਪ੍ਰਵਾਣਤ ਸਿਖ ਰਹਿਤ ਮਰਯਾਦਾ ਵਿਚ ਅਦਲਾ ਬਦਲੀ ਕਰਨ ਦੇ ਨਹੀਂ ਦਿਤੇ। ਸ਼੍ਰੋਮਣੀ ਅਕਾਲੀ ਦਲ ਸਿਖ ਰਹਿਤ ਮਰਯਾਦਾ ਦਾ ਧੁਰਾ ਸ੍ਰੀ ਅਕਾਲ ਤਖਤ ਵਲੋਂ ਪ੍ਰਵਾਨ ਕੀਤੀ ਹੋਈ ਰਹਿਤ ਮਰਯਾਦਾ ਨੂੰ ਹੀ ਮੰਨਦਾ ਹੈ। ਅਕਾਲੀ ਦਲ ਦੀ ਪ੍ਰਬਲ ਇੱਛਾ ਹੈ ਕਿ ਪੰਥਕ ਏਕਤਾ ਨੂੰ ਮੁਖ ਰਖ ਕੇ ਪੰਜਾਂ ਹੀ ਤਖਤ ਸਾਹਿਬਾਨ ਵਿਖੇ ਮਰਯਾਦਾ ਸ੍ਰੀ ਅਕਾਲ ਤਖਤ ਅਨੁਸਾਰ ਹੀ ਹੋਵੇ, ਜਿਸ ਤੋਂ ਏਕਤਾ ਆਵੇ। ਸਮੂੰਹ ਵਿਅਕਤੀ, ਪੰਥਕ ਸੰਸਥਾਵਾਂ ਅਤੇ ਗੁਰਧਾਮ ਇਸੇ ਮਰਯਾਦਾ ਨੂੰ ਪ੍ਰਮਾਣੀਕ ਸਮਝ ਕੇ ਲਾਗੂ ਕਰਨ ਲਈ ਉਦਮ ਕਰਨ।

ਸ੍ਰੀ ਅਕਾਲ ਤਖਤ ਤੇ ਪ੍ਰਚਲਤ ਰਹਿਤ ਮਰਯਾਦਾ, ਪੰਥ ਦੀਆਂ ਸਾਰੀਆਂ ਸੰਪਰਦਾਵਾਂ ਦੇ ਆਗੂਆਂ ਤੇ ਮੁਖੀਆਂ ਨੇ ਪੁਰਾਤਨ ਰਵਾਇਤਾਂ, ਰਹਿਤਨਾਮਿਆਂ ਤੇ ਇਤਿਹਾਸਕ ਸਬੂਤਾਂ ਦੇ ਅਧਾਰ ਉਤੇ ਬਣਾਈ ਸੀ, ਜਿਸ ਨੂੰ ਬਨਾਉਣ ਵਾਲਿਆਂ ਵਿਚ ਭਾਈ ਕਾਹਨ ਸਿੰਘ ਜੀ ਨਾਭਾ, ਅਕਾਲੀ ਕੌਰ ਸਿੰਘ ਜੀ ਨਿਹੰਗ, ਪ੍ਰਿੰਸੀਪਲ ਤੇਜਾ ਸਿੰਘ ਜੀ, ਗਿ: ਸ਼ੇਰ ਸਿੰਘ ਜੀ, ਬਾਵਾ ਹਰਿਕਿਸ਼ਨ ਸਿੰਘ ਜੀ ਆਦਿ ਵਿਚਾਰਵਾਨ ਸੱਜਣ ਸਨ। ਪੰਥਕ ਵਿਦਵਾਨਾਂ ਤੋਂ ਇਲਾਵਾ ਮੁਖ ਧਾਮਾਂ ਦੇ ਗ੍ਰੰਥੀ ਅਤੇ ਤਖਤ ਸਾਹਿਬਾਨ ਦੇ ਜਥੇਦਾਰਾਂ ਨੇ ਕਈ ਸਾਲ ਦੀ ਸੋਚ ਵਿਚਾਰ ਤੋਂ ਬਾਦ ਇਹ ਮਸੌਦਾ ਪ੍ਰਵਾਨ ਕੀਤਾ ਸੀ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਦੋਂ ਤੋਂ ਪ੍ਰਚਾਰਿਆ ਜਾ ਰਿਹਾ ਹੈ। ਇਸ ਰਹਿਤ ਮਰਯਾਦਾ ਵਿਚ ਕਿਸੇ ਕਿਸਮ ਦੀ ਅਦਲਾ ਬਦਲੀ ਦਾ ਅਧਿਕਾਰ ਸਮੁੱਚੇ ਪੰਥ ਨੂੰ ਤਾਂ ਹੈ, ਕਿਸੇ ਕਿਸਮ ਦੀ ਤਬਦੀਲੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਣਿਤ ਸਿਖ ਰਵਾਇਤਾਂ, ਰਹਿਤ ਨਾਮਿਆਂ, ਗੁਰ ਇਤਿਹਾਸ ਅਤੇ ਗੁਰਬਾਣੀ ਦੇ ਅਧਾਰ ਉਤੇ ਵਿਚਾਰ ਪਿਛੋਂ ਹੀ ਪ੍ਰਵਾਨ ਕੀਤੀ ਜਾ ਸਕਦੀ ਹੈ, ਕੋਈ ਸੰਸਥਾ ਜਾਂ ਵਿਅਕਤੀ ਅਜਿਹਾ ਕਰਨ ਦਾ ਅਧਿਕਾਰੀ ਨਹੀਂ।

ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਬਾਰੇ ਸੰਕੇਤ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ ਬਹੁਤ ਸਾਰੀਆਂ ਰੀਤਾਂ ਅਨਮਤੀ ਢੰਗ ਦੀਆਂ ਹਨ, ਜਿਨ੍ਹਾਂ ਨੂੰ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਅਤੇ ਪੰਥਕ ਪ੍ਰਬੰਧ ਦਾ ਪ੍ਰਭਾਵ ਵਧਾਉਣ ਨਾਲ ਹੀ ਸੁਧਾਰਿਆ ਜਾ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਬਾਰੇ ਪੁਜ਼ੀਸ਼ਨ ਸਪਸ਼ਟ ਕਰਦਿਆਂ ਆਪ ਨੇ ਕਿਹਾ ਕਿ ਇਹ ਦੋਵੇਂ ਸੰਸਥਾਵਾਂ ਸ੍ਰੀ ਅਕਾਲ ਤਖਤ ਦੀ ਪੰਥਕ ਰਹੁ ਰੀਤ ਤੇ ਮਰਯਾਦਾ ਨੂੰ ਹੀ ਪ੍ਰਵਾਣਿਤ ਅਤੇ ਪੰਥਕ ਏਕਤਾ ਦਾ ਧੁਰਾ ਮੰਨਦੀਆਂ ਹਨ। ਸੰਗਤਾਂ ਵੱਖੋ ਵੱਖਰੀਆਂ ਰੀਤਾਂ, ਰਿਵਾਜ ਅਤੇ ਮਰਯਾਦਾ ਚਾਲੂ ਕਰਨ ਵਾਲਿਆਂ ਤੋਂ ਸੁਚੇਤ ਰਹਿਣ। ਉਨ੍ਹਾਂ ਤੋਂ ਮਨ-ਮਤ ਫੈਲਦੀ ਹੈ। ਏਕਤਾ ਭੰਗ ਹੁੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ ਇਜਲਾਸ ਵਿਚ ਵੀ ਇਕ ਮਤੇ ਰਾਹੀਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਣ ਵਾਲਾ 'ਹੁਕਮਨਾਮਾ' ਹੀ ਪੰਥ ਵਿਚ ਪ੍ਰਵਾਣਿਤ ਹੈ ਅਤੇ 'ਹੁਕਮਨਾਮਾ' ਜਾਰੀ ਕਰਨ ਦੇ ਅਧਿਕਾਰ ਕੇਵਲ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਹੀ ਹਨ। ਖੰਡੇ ਦਾ ਅੰਮ੍ਰਿਤ ਛਕਣ ਦਾ ਗੁਰਮਤਿ ਅਨੁਸਾਰ ਬੀਬੀਆਂ ਨੂੰ ਵੀ ਹੱਕ ਪ੍ਰਾਪਤ ਹੈ। ਇਸ ਵਿਚ ਵਿਤਕਰਾ ਨਹੀਂ ਹੋ ਸਕਦਾ। ਸਿੱਖੀ ਵਿਚ ਜਾਤ ਪਾਤ ਲਈ ਕੋਈ ਥਾਂ ਨਹੀਂ। ਅੰਮ੍ਰਿਤ ਸਭ ਮਾਨਸ ਕੀ ਜਾਤ ਲਈ ਇਕੋ ਹੈ। 'ਸੁਖ ਨਿਧਾਨ' ਦੀ ਸ਼ਰਦਾਈ ਦਾ ਭੋਗ ਲਵਾਉਣਾ ਗਲਤ ਹੈ। ਸ਼੍ਰੋਮਣੀ ਕਮੇਟੀ ਜਾਂ ਅਕਾਲੀ ਦਲ ਨੇ ਕਿਸੇ ਨੂੰ ਇਸ ਤੋਂ ਵਿਰੋਧੀ ਫੈਸਲਾ ਕਰਨ ਦੇ ਅਧਿਕਾਰ ਨਹੀਂ ਦਿਤੇ।

ਸੰਤ ਜੀ ਨੇ ਆਪਣੇ ਨਿਜੀ ਅਨੁਭਵ ਬਿਆਨ ਕਰਦਿਆਂ ਕਿਹਾ ਕਿ ਪੰਥਕ ਤੌਰ ਤੇ ਕਾਫੀ ਸੋਚ ਵਿਚਾਰ ਤੇ ਪ੍ਰਮਾਣੀਕ ਹਵਾਲਿਆਂ ਦੀ ਮੌਜੂਦਗੀ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੀ ਸਥਾਪਨਾ ਦੇ ਬਾਅਦ ਜਦੋਂ ਮੈਨੂੰ ਤਖਤ ਸਾਹਿਬ ਦਾ ਪਹਿਲਾ ਜਥੇਦਾਰ ਥਾਪ ਕੇ ਸੇਵਾ ਬਖਸ਼ੀ ਗਈ ਤਾਂ ਮੇਰੀ ਨਿਯੁਕਤੀ ਦੀ ਅਰਦਾਸ ਸਮੇਂ ਬਾਬਾ ਚੇਤ ਸਿੰਘ ਜੀ ਜਥੇਦਾਰ ਬੁੱਢਾ ਦਲ ਵੀ ਹਾਜ਼ਰ ਸਨ। ਮੈਨੂੰ ਚੌਰ ਦੀ ਸੇਵਾ ਬਖਸ਼ਣ ਵਾਲੇ ਵੀ ਆਪ ਜੀ ਅਤੇ ਸੰਤ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਤੇ ਸੰਤ ਫਤਹਿ ਸਿੰਘ ਜੀ ਸਨ। ਨਿਯੁਕਤੀ ਹੁੰਦਿਆਂ ਹੀ ਤਖਤ ਦਮਦਮਾ ਸਾਹਿਬ ਤੇ ਪਹਿਲਾ ਕੰਮ ਮੈਂ ਪੰਥਕ ਮਰਯਾਦਾ ਲਾਗੂ ਕਰਨ ਦਾ ਕੀਤਾ, ਜਿਸ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਰਹਿਰਾਸ ਸਮੇਂ ਬੇਨਤੀ ਚੌਪਈ "ਹਮਰੀ ਕਰੋ ਹਾਥ ਦੇ ਰਛਾ" ਤੋਂ "ਦੁਸ਼ਟ ਦੋਖ ਤੇ ਲੇਹੁ ਬਚਾਈ" ਤਕ ਅਤੇ ਸ੍ਰੀ ਅਕਾਲ ਤਖਤ ਤੋਂ ਪ੍ਰਮਾਣਤ ਖਰੜੇ ਅਨੁਸਾਰ ਬਾਕੀ ਦੀ ਰਹਿਤ ਮਰਯਾਦਾ ਲਾਗੂ ਕਰਨੀ ਜ਼ਰੂਰੀ ਸਮਝੀ ਸੀ। ਮੈਂ ਜਾਤੀ ਤੌਰ ਤੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਦਾ ਵਿਸ਼ਵਾਸੀ ਹਾਂ, ਇਸ ਨੂੰ ਦ੍ਰਿੜਤਾ ਨਾਲ ਪਾਲਦਾ ਰਿਹਾ ਹਾਂ ਅਤੇ ਸਭ ਸਿੱਖ ਸੰਸਥਾਵਾਂ ਨੂੰ ਪਾਲਣ ਲਈ ਬੇਨਤੀ ਕਰਦਾ ਹਾਂ।

'ਸਿੰਘ ਸਭਾ ਪਤ੍ਰਿਕਾ' ਅੰਮ੍ਰਿਤਸਰ, ਦਸੰਬਰ 76 ਵਿਚੋਂ

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਨ੍ਹਾਂ ਸਜਣਾਂ ਦੇ ਸੌ ਸੌ ਰੁਪਏ ਪੁਜੇ ਹਨ। ਰਕਮਾਂ ਬੈਂਕ ਵਿਚ ਜਮ੍ਹਾ ਕਰਾ ਕੇ, ਹੇਠ ਲਿਖੇ ਨੰਬਰਾਂ ਦੀਆਂ ਐਫ਼. ਡੀਆਂ ਗਾਹਕਾਂ ਦੇ ਨਾਵਾਂ ਦੀਆਂ ਬਣਵਾ ਦਿਤੀਆਂ ਗਈਆਂ ਹਨ :-

| | | | | |
|---|---|---|---|---|
| 197. | ਸ: ਕੇਸਰ ਸਿੰਘ ਜੀ ਸੇਵਾਦਾਰ | [ਚਿਟ ਨੰਬਰ 3197] | 211262/1935/76 | ਮਿਤੀ 22-12-76 |
| 198. | ਸ: ਮੋਹਨ ਸਿੰਘ ਜੀ | [ ,, ,, 3198] | 211263/1936/76 | ,, |
| 199. | Mrs. R. K. Aulakh | [ ,, ,, 3199] | 211264/1937/76 | ,, |
| 200. | ਮਾਤਾ ਆਗਿਆ ਕੌਰ ਜੀ | [ ,, ,, 3200] | 211265/1938/76 | ,, |
| 201. | ਸ: ਅਮਰੀਕ ਸਿੰਘ ਜੀ | [ ,, ,, 3201] | 211266/1939/76 | ,, |
| 202. | ਮੈ: ਜੈਮਲ ਸਿੰਘ ਕਰਤਾਰ ਸਿੰਘ | [ ,, ,, 3202] | 211267/1940/66 | ,, |
| 203. | ਮੈ: ਸਿੰਘ ਬ੍ਰਦਰਜ਼, ਵਾਰਾਨਸੀ | [ ,, ,, 3203] | 211268/1941/76 | ,, |
| 204. | ਮੈ: ਦੀਵਾਨ ਸਿੰਘ ਰਾਜਿੰਦਰ ਸਿੰਘ | [ ,, ,, 3204] | 211269/1942/76 | ,, |
| 205. | ਸੇਠੀ ਟੈਕਸਟਾਈਲ | [ ,, ,, 3205] | 211270/1943/76 | ,, |
| 206. | ਲਾਹੌਰ ਜਨਰਲ ਸਟੋਰ | [ ,, ,, 3206] | 211271/1944/76 | ,, |

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਸੰਤੋਖ ਜੀ ਵਿਰਦੀ, ਰੀਡਿੰਗ ਯੂ. ਕੇ, ਵਲੋਂ | 114-96 |
| ਸ: ਜਸਵੰਤ ਸਿੰਘ ਜੀ ਭੱਟੀ ਰੀਡਿੰਗ ,, ,, | 71-85 |
| ਸ: ਗੁਰਨਾਮ ਸਿੰਘ ਜੀ ਰੀਡਿੰਗ ,, ,, | 64-67 |
| ਗੁਪਤ ਦਾਨ | 21-00 |
| ਸ: ਕੇਵਲਦੀਪ ਸਿੰਘ ਸਪੁੱਤਰ ਸ: ਉਜਾਗਰ ਸਿੰਘ ਜੀ ਵਲੋਂ | 21-00 |
| ਸ: ਚਰਨਜੀਤਸਿੰਘ ਜੀ ਦਿਲੀ ਵਲੋਂ ਆਪਣੇ ਪਿਤਾ ਸ:ਸੋਹਨਸਿੰਘ ਜੀ ਦੇ ਅੰਤਮ ਭੋਗ ਸਮੇਂ | 10-00 |

ਵਾਹਿਗੁਰੂ ਸਭ ਵੀਰਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਜੀਵਨ ਬਖਸ਼ਣ।
ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ।

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਸਿਖ ਕੌਣ ਹੈ ? | ੦-੨੦ |
| ਸੱਚੀਅ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |

DAWN OF DIVINE WISDOM 1-00

**ਪਟਿਆਲੇ ਬਸੰਤ ਪੰਚਮੀ ਸਮਾਗਮ ੩ ਤੋਂ ੫ ਫ਼ਰਵਰੀ ਨੂੰ ਹੋ ਰਹੇ ਹਨ।**

www.AKJ.org